# ਸਮਤਾ

ਦਸੰਬਰ 1986 (ਅੰਕ 79)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੁਲਵਿੰਦਰ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਦਸੰਬਰ 1986
ਮੁੱਲ--ਦੋ ਰੁਪਏ
79

## ਸੰਪਾਦਕੀ ਅਤੇ ਸੰਪਾਦਕੀ ਟਿਪਣੀਆਂ

○ **9 ਨਵੰਬਰ ਇਨਕਲਾਬੀ ਏਕਤਾ ਕੇਂਦਰ ਦੀ ਸਥਾਪਨਾ ਕਰ ਦਿਤੀ ਗਈ ਹੈ।** 300 ਦੇ ਕਰੀਬ ਇਨਕਲਾਬੀ ਲਹਿਰ ਦੇ ਵਰਕਰ ਉਸ ਸਮਾਗਮ ਵਿਚ ਹਾਜ਼ਰ ਸਨ। ਸਾਰੇ ਗਰੁੱਪਾਂ ਦੇ ਆਗੂਆਂ ਨੇ ਏਕਤਾ ਬਾਰੇ ਆਪਣੇ ਵਿਚਾਰ ਦੱਸੇ ਅਤੇ ਹੋਰਨਾਂ ਗਰੁੱਪਾਂ ਨਾਲੋਂ ਅਪਣੇ ਵਖਰੇਵਿਆਂ ਨੂੰ ਵੀ ਸਪੱਸ਼ਟ ਤਰੀਕੇ ਨਾਲ ਪੇਸ਼ ਕੀਤਾ। ਇਹ ਇੱਛਾ ਜ਼ਾਹਰ ਕੀਤੀ ਗਈ ਕਿ ਏਕਤਾ ਦਾ ਹੋਣਾ ਇਕ ਹਾਂ-ਪੱਖੀ ਕਦਮ ਹੈ, ਪਰ ਇਸਦਾ ਆਧਾਰ ਪੁਖ਼ਤਾ ਹੋਣਾ ਚਾਹੀਦਾ ਹੈ ਅਤੇ ਇਕ ਦੂਜੇ ਦੇ ਪੱਖ ਨੂੰ ਪੂਰੀ ਤਰ੍ਹਾਂ ਸਮਝਕੇ ਭਰਾਤਰੀ ਬਹਿਸ ਵਿਚ ਪੈਣਾ ਚਾਹੀਦਾ ਹੈ। ਪੈਗ਼ਾਮ ਗਰੁੱਪ ਦੇ ਸਾਥੀਆਂ ਨੇ ਸਪੱਸ਼ਟ ਦਸਿਆ ਕਿ ਪੰਜਾਬ ਦੇ ਮਸਲੇ ਤੇ ਉਹਨਾਂ ਦਾ ਸਟੈਂਡ ਦੂਜੇ ਗਰੁੱਪਾਂ ਤੋਂ ਵੱਖ ਹੈ ਅਤੇ ਇਹ ਕਿਉਂਕਿ ਇਕ ਭਖਦਾ ਮਸਲਾ ਹੈ, ਇਸ ਲਈ ਏਕਤਾ ਕੇਂਦਰ ਵਿਚ ਉਹਨਾਂ ਦਾ ਦੂਜੇ ਗਰੁੱਪਾਂ ਨਾਲ ਕੰਮ ਕਰਨਾ ਮੁਸ਼ਕਿਲ ਹੋਵੇਗਾ। ਇਹੀ ਵਿਚਾਰ ਦੂਜੇ ਗਰੁੱਪਾਂ ਦੇ ਆਗੂਆਂ ਨੇ ਵੀ ਪੇਸ਼ ਕੀਤਾ ਕਿ ਪੈਗ਼ਾਮ ਗਰੁੱਪ ਨਾਲ ਇਹਨਾਂ ਹਾਲਤਾਂ ਵਿਚ ਕਿਸੇ ਸਾਂਝੇ ਪ੍ਰੋਗਰਾਮ ਵਿਚ ਨਹੀਂ ਚਲਿਆ ਜਾ ਸਕਦਾ। ਇਨਕਲਾਬੀ ਏਕਤਾ ਕੇਂਦਰ ਦਾ ਆਧਾਰ ਕਿਉਂਕਿ ਮਾਰਕਸਵਾਦ-ਲੈਨਿਨਵਾਦ ਮਾਓ ਵਿਚਾਰਧਾਰਾ ਮਿਥਿਆ ਗਿਆ, ਇਸ ਲਈ ਸਰਾਫ ਗਰੁੱਪ ਦੇ ਸਾਥੀਆਂ ਨੇ ਵੀ ਇਸ ਕੇਂਦਰ ਵਿਚ ਨਾ ਆਉਣ ਦੀ ਅਪਣੀ ਇਮਾਨਦਾਰਾਨਾ ਮਜਬੂਰੀ ਦਸੀ ਪਰ ਨਾਲ ਇਹ ਯਕੀਨ ਦਿਵਾਇਆ ਕਿ ਉਹਨਾਂ ਦਾ ਗਰੁੱਪ ਇਨਕਲਾਬੀ ਏਕਤਾ ਕੇਂਦਰ ਵਲੋਂ ਲੋਕਾਂ ਦੀਆਂ ਜਮਹੂਰੀ ਮੰਗਾਂ ਦੇ ਸਿਲਸਲੇ ਵਿਚ ਉਠਾਏ ਗਏ ਕਿਸੇ ਕਿਸਮ ਦੇ ਕਦਮ ਲਈ ਹਮੇਸ਼ਾ ਸਹਿਯੋਗੀ ਹੋਵੇਗਾ ਤੇ ਇਸੇ ਸਹਿਯੋਗ ਦੀ ਉਹ ਏਕਤਾ ਕੇਂਦਰ ਕੋਲੋਂ ਵੀ ਉਮੀਦ ਰਖੇਗਾ। ਨਾਗੀ ਰੈਡੀ ਗਰੁੱਪ ਦੇ ਸਾਥੀਆਂ ਨੇ ਏਕਤਾ ਦੇ ਕਦਮ ਨੂੰ ਹਾਂ-ਪੱਖੀ ਆਖਿਆ ਪਰ ਉਹਨਾਂ ਇਹ ਵੀ ਕਿਹਾ ਕਿ ਉਹ ਇਸਦੇ ਬਾਰੇ ਫੈਸਲਾ ਲੈਣ ਲਈ ਹਾਲੀ ਹੋਰ ਸੋਚ ਵਿਚਾਰ ਕਰਨਾ ਚਾਹੁਣਗੇ। ਟਾਕਰਾ ਅਤੇ ਕਮਿਊਨਿਸਟ ਬ੍ਰੀਗੇਡ ਵਾਲਿਆਂ ਦਾ ਵੀ ਤਰਕੀਬਨ ਹਾਲੇ ਇਹੀ ਸਟੈਂਡ ਸੀ ਭਾਵ ਵਿਰੋਧਤਾ ਦਾ ਨਹੀਂ ਪਰ ਕਿੰਤੂ ਹਾਲੇ ਜ਼ਰੂਰ ਹਨ। ਸੁਰਖ ਰੇਖਾ ਵਾਲੇ ਸਾਥੀਆਂ ਨੇ ਆਪਣਾ ਸਟੈਂਡ ਇਕ ਪੈਂਫਲਿਟ ਵੰਡਕੇ ਪੇਸ਼ ਕੀਤਾ। ਉਹਨਾਂ ਦਾ ਏਕਤਾ ਵਲ ਸਟੈਂਡ ਦੁਸ਼ਮਾਣਾ ਨਹੀਂ ਪਰ ਹੋਰ ਸਿਧਾਂਤਕ ਸੱਪਸ਼ਟਤਾ ਉਹਨਾਂ ਦੀ ਮੰਗ ਹੈ। ਆਈ. ਪੀ. ਐਫ. ਦੇ ਆਗੂਆਂ ਨੇ ਵੀ ਇਕ ਦਮ ਕੋਈ ਫੈਸਲਾ ਲੈਣ ਦੀ ਅਪਣੀ ਮਜਬੂਰੀ ਦਸੀ ਪਰ ਉਹਨਾਂ ਨੇ ਏਕਤਾ ਲਈ ਹਰ ਕਦਮ ਨੂੰ ਨੀਤੀ ਦੇ ਤੌਰ ਤੇ ਜੀ ਆਇਆਂ ਆਖਿਆ। ਇਕ ਬੜੇ ਸੁਖਾਵੇਂ ਮਾਹੌਲ ਵਿਚ ਇਕ ਐਡਹਾਕ ਕਮੇਟੀ ਉਥੇ ਚੁਣੀ ਗਈ ਜਿਸਦੇ ਦਸ ਮੈਂਬਰ ਹਨ। ਗੁਰਸ਼ਰਨ ਸਿੰਘ, ਗੁਰਮੀਤ ਸਿੰਘ, ਨਰਭਿੰਦਰ, ਦਰਸ਼ਨ ਖੱਟਕੜ, ਡਾਕਟਰ ਦਰਸ਼ਨ ਪਾਲ, ਡਾਕਟਰ ਧਰਮਵੀਰ, ਮੁਖਤਿਆਰ ਸਿੰਘ, ਰਣਜੀਤ ਸਿੰਘ, ਹਰਬੰਸ ਸਿੰਘ ਅਤੇ ਤ੍ਰਿਲੋਚਣ ਸਿੰਘ। ਇਸ ਤਰ੍ਹਾਂ ਇਕ ਸੀਮਤ ਸੱਫਲਤਾ ਨਾਲ ਇਨਕਲਾਬੀ ਏਕਤਾ ਕੇਂਦਰ ਦੀ ਸਥਾਪਨਾ 9 ਨਵੰਬਰ ਨੂੰ ਹੋ ਗਈ ਹੈ ਜਿਸਦਾ ਨਿਸ਼ਾਨਾ ਹੈ ਕਿ ਕੇਂਦਰ ਜਿਥੇ ਭਖਦਿਆਂ ਮਸਲਿਆਂ ਬਾਰੇ ਇਨਕਲਾਬੀ ਕੇਡਰ ਨੂੰ ਭਰਾਤਰੀ ਬਹਿਸ ਲਈ ਇਕ ਸਾਂਝਾ ਥੜਾ ਮੁਹੀਯਾ ਕਰੇ, ਉਥੇ ਏਕਤਾ ਦੀ ਪਹਿਰੇਦਾਰੀ ਕਰਦਾ ਟੁੱਟ ਫੁੱਟ ਦੇ ਅਮਲ ਨੂੰ ਰੋਕੇ। ਇਹ ਕੇਂਦਰ ਮੁੱਖ ਤੌਰ ਤੇ ਇਨਕਲਾਬ ਲਈ ਇਕ ਪ੍ਰਚਾਰ ਕੇਂਦਰ ਹੋਵੇਗਾ ਤੇ ਇਨਕਲਾਬੀਆਂ ਨੂੰ ਦਰਪੇਸ਼ ਮਸਲਿਆਂ ਉਤੇ ਵਾਦਵਿਵਾਦ ਕਰਦਿਆਂ ਇਨਕਲਾਬ ਦੇ ਨਿਸ਼ਾਨੇ ਨੂੰ ਅਗੇ ਲਿਜਾਏਗਾ। ਇਨਕਲਾਬੀ ਕੇਂਦਰ ਦੇ ਐਡਹਾਕ ਕਮੇਟੀ ਦੀ ਪਹਿਲੀ ਮੀਟਿੰਗ 25 ਨਵੰਬਰ ਨੂੰ ਹੋਈ, ਜਿਸ ਵਿਚ ਹੇਠ ਲਿਖੇ ਫੈਸਲੇ ਹੋਏ :–

1. ਪੰਜਾਬ ਦੇ ਮਸਲੇ ਬਾਰੇ ਇਨਕਲਾਬੀ ਏਕਤਾ ਕੇਂਦਰ ਅਪਣਾ ਸਟੈਂਡ ਲੋਕਾਂ ਅਗੇ ਪੇਸ਼ ਕਰਨ ਲਈ ਇਕ ਪੈਂਫਲਿਟ 15 ਦਸੰਬਰ ਤਕ ਤਿਆਰ ਕਰੇ। ਇਸ ਬਾਰੇ ਇਕ ਸਾਂਝੀ ਸੋਚ ਲੰਮੀ ਵਿਚਾਰ ਦੇ ਬਾਅਦ ਬਣਾਈ

ਗਈ। ਆਧਾਰ ਇਹ ਹੈ ਕਿ ਇਸ ਫੌਰੀ ਮਸਲੇ ਬਾਰੇ ਇਹੋ ਜਿਹਾ ਸਟੈਂਡ ਲਿਆ ਜਾਏ ਜਿਹੜਾ ਵੱਧ ਤੋਂ ਵੱਧ ਲੋਕ ਏਕਤਾ ਕਾਇਮ ਰਖੇ ਅਤੇ ਇਨਕਲਾਬ ਦੇ ਨਿਸ਼ਾਨੇ ਵਲ ਵਧਣ ਲਈ ਸਹਾਈ ਹੋਵੇ। ਇਸ ਮੰਤਵ ਲਈ ਹਾਕਮ ਜਮਾਤਾਂ ਦੀ ਖੇਡ ਨੂੰ ਨੰਗਾ ਕੀਤਾ ਜਾਏ ਜੋ ਮਸਲਿਆਂ ਨੂੰ ਹਲ ਕਰਨ ਦੀ ਥਾਂ ਸਾਧਾਰਨ ਲੋਕਾਂ ਵਿਚ ਵਖਰੇਵੇਂ ਪਾ ਕੇ ਫਿਰਕੂ ਨਫ਼ਰਤ ਨੂੰ ਵਧਾ ਰਹੇ ਹਨ।

2. ਇਨਕਲਾਬੀ ਏਕਤਾ ਕੇਂਦਰ ਦਾ ਮੈਨੀਫੈਸਟੋ ਇਕ ਦਸਤਾਵੇਜ਼ ਦੀ ਸ਼ਕਲ ਵਿਚ ਤਿਆਰ ਕੀਤਾ ਜਾਏ।

3. ਇਕ ਸੂਬਾਈ ਪੱਧਰ ਦੀ ਵਡੀ ਕਾਨਫਰੰਸ ਜਨਵਰੀ ਦੇ ਦੂਜੇ ਹਫਤੇ ਕੀਤੀ ਜਾਏ, ਜਿਥੇ ਇਨਕਲਾਬੀ ਏਕਤਾ ਕੇਂਦਰ ਨੂੰ ਬਕਾਇਦਾ ਤੌਰ ਤੇ ਇਕ ਸਿਆਸੀ ਜਥੇਬੰਦੀ ਦੇ ਰੂਪ ਵਿਚ ਲੋਕਾਂ ਸਾਹਮਣੇ ਲਿਆਂਦਾ ਜਾਏ।

4. ਮਾਰਚ ਦੇ ਦੂਸਰੇ ਹਫਤੇ ਵਿਚ ਸਾਰੇ ਪੰਜਾਬ ਵਿਚ ਇਨਕਲਾਬੀ ਮਾਰਚ ਜਥੇਬੰਦ ਕੀਤੇ ਜਾਣ ਜੋ 23 ਮਾਰਚ ਨੂੰ ਹੁਸੈਨੀਵਾਲਾ ਇਕ ਵਡੀ ਇਨਕਲਾਬੀ ਰੈਲੀ ਦੀ ਸ਼ਕਲ ਵਿੱਚ ਜਾ ਕੇ ਖਤਮ ਹੋਣ। ਇਹਦੇ ਲਈ ਭਰਾਤਰੀ ਜਥੇਬੰਦੀਆਂ ਤੇ ਹੋਰ ਦੇਸ਼ ਭਗਤਾਂ ਦਾ ਵਿਅਕਤੀਗਤ ਤੌਰ ਤੇ ਵੀ ਸਹਿਯੋਗ ਲਿਆ ਜਾਏ।

5. ਗੁਰਸ਼ਰਨ ਸਿੰਘ ਨੂੰ ਕਮੇਟੀ ਵਲੋਂ ਇਹ ਇਖਤਿਆਰ ਦਿਤਾ ਗਿਆ ਕਿ ਉਹ ਕਨਵੈਨਸ਼ਨ ਵਿਚ ਮਿਥੇ ਗਏ ਆਧਾਰ ਤੇ ਬਾਕੀ ਸਾਰੇ ਗਰੁੱਪਾਂ ਨਾਲ ਗੱਲ-ਬਾਤ ਕਰਨ ਜੋ ਹਾਲੇ ਏਕਤਾ ਕੇਂਦਰ ਤੋਂ ਬਾਹਰ ਹਨ। ਉਹਨਾਂ ਨੂੰ ਕੇਂਦਰ ਵਿਚ ਲਿਆਉਣ ਦੇ ਪੂਰੇ ਯਤਨ ਕੀਤੇ ਜਾਣ।

ਇਹ ਪੂਰੇ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਇਨਕਲਾਬੀ ਏਕਤਾ ਕੇਂਦਰ ਦੀ ਸਥਾਪਨਾ ਨੇ ਜਿਸ ਨਵੇਂ ਉਤਸ਼ਾਹ ਨੂੰ ਇਨਕਲਾਬੀ ਕੇਡਰ ਵਿਚ ਜਨਮ ਦਿਤਾ ਹੈ, ਕੇਂਦਰ ਉਸ ਉਤਸ਼ਾਹ ਉਤੇ ਪੂਰਾ ਉਤਰੇਗਾ।

### o ਗੋਰਬਾਚੋਵ ਅਤੇ ਰਾਜੀਵ ਗਾਂਧੀ :

ਰੂਸ ਦੇ ਪ੍ਰਧਾਨ ਮੰਤਰੀ ਦੀ 25 ਨਵੰਬਰ ਭਾਰਤ ਵਿੱਚ ਆਮਦ ਉਤੇ ਭਾਰਤ ਦੇ ਟੀ. ਵੀ. ਉਤੇ ਸਾਥੀ ਗੋਰਬਾਚੋਵ ਦੀ ਜ਼ਿੰਦਗੀ ਉਤੇ ਇਕ ਫਿਲਮ ਦਿਖਾਈ ਗਈ ਜੋ ਰੂਸ ਵਿਚ ਫਿਲਮਾਈ ਗਈ। ਇਹ ਇਕ $1\frac{1}{2}$ ਘੰਟੇ ਦੀ ਫਿਲਮ ਸੀ, ਜਿਸ ਵਿਚ ਗੋਰਬਾਚੋਵ ਦੀ ਜ਼ਿੰਦਗੀ ਦੇ ਨਾਲ ਨਾਲ ਸਮੁੱਚੇ ਰੂਸ ਦੀ ਜ਼ਿੰਦਗੀ ਦੀ ਝੱਲਕ ਵੀ ਮਿਲਦੀ ਸੀ। ਇਸ ਫਿਲਮ ਨੇ ਦਸਿਆ ਕਿ ਗੋਰਬਾਚੋਵ ਇਸ ਉੱਚੀ ਪਦਵੀ ਤੇ ਪੁੱਜਣ ਤੋਂ ਪਹਿਲਾਂ ਆਪਣੀ ਪਹਿਲੀ ਜ਼ਿੰਦਗੀ 'ਚ ਇਕ ਅਵਾਮੀ ਲੀਡਰ ਦੇ ਰੂਪ ਵਿਚ ਕਿਸ ਤਰ੍ਹਾਂ ਉਹਦੀ ਪਾਰਟੀ ਵਲੋਂ ਲਾਈਆਂ ਗਈਆਂ ਜ਼ਿੰਮੇਵਾਰੀਆਂ ਨੂੰ ਸਫਲਤਾ ਨਾਲ ਨਿਭਾਂਦਾ ਰਿਹਾ ਅਤੇ ਹੌਲੇ ਹੌਲੇ ਉਸਨੇ ਆਪਣੇ ਆਪ ਨੂੰ ਇਕ ਆਗੂ ਦੀ ਹੈਸੀਅਤ ਵਿਚ ਸਥਾਪਤ ਕੀਤਾ। ਗੋਰਬਾਚੋਵ ਦੀ ਪ੍ਰਤਿਭਾ ਹੀ ਉਹਦੀ ਇਕੋ ਇਕ ਸਹਾਇਕ ਸ਼ਕਤੀ ਸੀ। ਇਹਦੇ ਮੁਕਾਬਲੇ ਵਿਚ ਜੇਕਰ ਰਾਜੀਵ ਗਾਂਧੀ ਦੀ ਜ਼ਿੰਦਗੀ ਤੇ ਇਕ ਝਾਤ ਪਾਈਏ ਤਾਂ ਪਤਾ ਲਗਦਾ ਹੈ ਕਿ ਇਹ ਪ੍ਰਧਾਨ ਮੰਤਰੀ ਦੀ ਪਦਵੀ ਤੇ ਸਿਰਫ਼ ਇਸੇ ਲਈ ਪੁੱਜਿਆ ਕਿਉਂਕਿ ਇਹ ਇੰਦਰਾ ਗਾਂਧੀ ਦਾ ਸਾਹਿਬਜ਼ਾਦਾ ਹੈ। ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਇਹਦੀ ਜ਼ਿੰਦਗੀ ਵਿੱਚ ਕੋਈ ਵੀ ਐਸੀ ਪ੍ਰਾਪਤੀ ਨਹੀਂ ਜੋ ਇਸਨੂੰ ਇਸ ਯੋਗ ਬਣਾਉਂਦੀ ਸੀ, ਕਿ ਉਹ 72 ਕ੍ਰੋੜ ਲੋਕਾਂ ਦੀ ਹੋਣੀ ਦਾ ਮਾਲਕ ਬਣੇ। ਇਹ ਪਿਛਲੇ ਦੋ ਸਾਲਾਂ ਵਿਚ ਇਸ ਬੜੀ ਹੀ ਛੋਟੀ ਪ੍ਰਤਿਭਾ ਦੇ ਮਾਲਕ ਸ਼ਖਸ ਨੇ ਦੇਸ਼ ਦੀ ਪ੍ਰਬੰਧਕੀ ਵਿਚ ਜੋ ਧਾਂਜਲੀ ਪਾਈ ਹੈ, ਉਹਦੀ ਕੀਮਤ ਪਤਾ ਨਹੀਂ ਸਾਡੇ ਲੋਕਾਂ ਨੂੰ ਕਿੰਨੀ ਕੁ ਚੁਕਾਣੀ ਪਵੇ। ਅਸੀਂ ਪੰਜਾਬ ਦੇ ਲੋਕ ਤਾਂ ਇਸਦੇ ਮੂੰਹ ਤੇ ਇਹ ਕਹਿਣ ਦਾ ਹੱਕ ਰੱਖਦੇ ਹਾਂ ਕਿ ਸ੍ਰੀਮਾਨ ਜੀ ਤੁਸੀਂ ਦੁਨੀਆਂ ਦੇ ਮਾਮਲੇ ਸੁਲਝਾਉਣ ਦੇ ਬੜੇ ਦਾਅਵੇ ਕਰਦੇ ਹੋ, ਕਦੀ ਇਕ ਮੁਲਕ ਜਾਂਦੇ ਹੋ, ਕਦੇ ਦੂਜੇ ਮੁਲਕ ਜਾਂਦੇ ਹੋ, ਪਰ ਆਪਣੇ ਦੇਸ਼ ਦੇ ਇਕ ਛੋਟੇ ਜਿਹੇ ਸੂਬੇ ਦਾ ਮਸਲਾ ਤੁਸੀਂ ਸੁਲਝਾ ਨਹੀਂ ਸਕੇ। ਗੋਰਬਾਚੋਵ ਅਤੇ ਰਾਜੀਵ ਦਾ ਫਰਕ ਦੋ ਸਿਸਟਮਾਂ ਦਾ ਫਰਕ ਹੈ। ਇਕ ਵਿਚ ਅਵਾਮ ਵਿਚ ਰਗੜੇ ਖਾਂਦੇ ਲੋਕ ਉੱਚੀਆਂ ਪਦਵੀਆਂ ਤੇ ਪੁੱਜਦੇ ਹਨ ਤੇ ਦੂਸਰੇ ਵਿਚ ਉਹੀ ਉਤੇ ਪੁੱਜਦੇ ਹਨ ਜਿਨ੍ਹਾਂ ਦੇ ਮੂੰਹਾਂ ਵਿਚ ਜੰਮਦਿਆਂ ਹੀ ਚਾਂਦੀ ਦੇ ਚੱਮਚੇ ਹੁੰਦੇ ਹਨ।

### o ਪੰਜਾਬ ਬਾਰੇ ਪਾਰਲੀਮੈਂਟ ਵਿਚ ਬਹਿਸ :

ਪੰਜਾਬ ਦੇ ਬਾਰੇ ਪਾਰਲੀਮੈਂਟ ਵਿਚ ਜੋ ਬਹਿਸ ਇਸ ਮਹੀਨੇ ਹੋਈ, ਉਹ ਇਤਨੀ ਬੇਤੁੱਕੀ ਸੀ ਜੋ ਸਾਬਤ ਕਰਦੀ ਹੈ ਕਿ ਬਿਲਕੁਲ ਹੀ ਸਾਧਾਰਨ ਅਕਲ ਦੇ ਮਾਲਕ ਸਾਡੇ ਲੋਕਾਂ ਦੇ ਨੁਮਾਇੰਦੇ ਬਣਕੇ ਸਾਡੀਆਂ ਜ਼ਿੰਦਗੀਆਂ ਨਾਲ ਖੇਡ ਰਹੇ ਹਨ। ਕੋਈ ਵੀ ਮੈਂਬਰ ਭਾਵੇਂ ਉਹ ਸਰਕਾਰ ਦੀ ਸਿਰ ਵਲੋਂ ਬੋਲਿਆ ਜਾਂ ਵਿਰੋਧੀ ਧਿਰ ਵਲੋਂ ਬੋਲਿਆ ਇਹ ਨਹੀਂ ਸੁਝਾਅ ਦੇ ਸਕਿਆ ਕਿ ਇਸ ਮਸਲੇ ਦੇ ਹਲ ਲਈ ਕੀ ਠੋਸ ਕਦਮ ਚੁੱਕੇ ਜਾਣ। ਘੱਸੀਆਂ ਮਿਟੀਆਂ ਗੱਲਾਂ-ਪੰਜਾਬ ਸਮਝੌਤਾ ਲਾਗੂ ਕਰਨ ਦੀਆਂ ਗਲਾਂ- ਜਿਸ ਸਮਝੌਤੇ ਬਾਰੇ ਹੁਣ ਇਹ ਕਿਹਾ ਜਾ ਸਕਦਾ ਹੈ, ਸਮਝੌਤਾ ਕਰਨ ਵਾਲਿਆਂ ਨੂੰ ਵੀ ਪਤਾ ਕਿ ਆਖਰ ਉਹ ਹੈ ਕੀ ਸੀ-ਦਹਿਸ਼ਤਗਰਦਾਂ ਦਾ ਪਾਕਿਸਤਾਨ ਸਿਖਲਾਈ ਲੈਣ ਦੀ ਦੁਹਾਈ ਇਹ ਗਲ ਕਿੰਨੀ ਵਾਰੀ ਕਹੀ ਜਾ

ਚੁੱਕੀ ਹੈ)—ਪਾਰਲੀਮੈਂਟ ਦੇ ਮੈਂਬਰਾਂ ਕੋਲੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਦਰਪੇਸ਼ ਮਸਲੇ ਬਾਰੇ ਕੋਈ ਪਹਿਲ ਕਦਮੀ ... ਕੋਈ ਹਲ ਪੇਸ਼ ਕਰਨ, ਪਰ ਨਹੀਂ ਇਹੋ ਜਹੀ ਕੋਈ ਗੱਲ ਨਹੀਂ, ਸੀ. ਪੀ. ਆਈ. ਅਤੇ ਸੀ. ਪੀ. ਐਮ. ਦਾ ਪੰਜਾਬ ਵਲੋਂ ਕੋਈ ਐਮ. ਪੀ ਨਹੀਂ, ਪਰ ਪੰਜਾਬ ਦੀ ਲੀਡਰਸ਼ਿਪ ਨੂੰ ਹੋਰਨਾਂ ਸੂਬਿਆਂ ਤੋਂ ਆਏ ਆਪਣੀ ਪਾਰਟੀ ਦੇ ਪਾਰਲੀਮੈਂਟ ਦੇ ਮੈਂਬਰਾਂ ਰਾਹੀਂ ਕੋਈ ਠੋਸ ਸੁਝਾਅ ਦੇਣੇ ਚਾਹੀਦੇ ਸਨ। ਉਸ ਫੋਰਮ ਤੇ ਇਹਨਾਂ ਪਾਰਟੀਆਂ ਦੇ ਹਰ ਮੈਂਬਰ ਨੇ ਬਸ ਸਿਰਫ ਏਨੀ ਗੱਲ ਹੀ ਕੀਤੀ ਕਿ ਇਹ ਮਸਲਾ ਅਮਰੀਕੀ ਸਾਮਰਾਜ ਵਲੋਂ ਖੜਾ ਕੀਤਾ ਗਿਆ ਹੈ, ਇਸ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਚੰਗਾ ਹੁੰਦਾ ਜੇਕਰ ਇਹ ਗਲ ਵਾਰ ਵਾਰ ਦੁਹਰਾਣ ਨਾਲੋਂ ਇਹਨਾਂ ਦੇ ਮੈਂਬਰ ਆਪਣੀ ਹੀ ਪਾਰਟੀ ਵਲੋਂ ਫਿਰਕੂ ਦਹਿਸ਼ਤ ਵਿਰੁਧ ਕੀਤੇ ਸੰਘਰਸ਼ਾਂ ਬਾਰੇ ਰੌਸ਼ਨੀ ਪਾਂਦੇ। ਭਾਰਤ ਦੇ ਲੋਕਾਂ ਨੂੰ ਪਤਾ ਤਾਂ ਲਗੇ ਕਿ ਟੀਚਰਜ਼ ਰਲਕੇ, ਮਜ਼ਦੂਰ ਰਲਕੇ ਤੇ ਹੋਰ ਜਮਹੂਰੀ ਤਬਕੇ ਕਿਸ ਤਰ੍ਹਾਂ ਫਿਰਕੂ ਦਹਿਸ਼ਤ ਦਾ ਡੱਟਕੇ ਮੁਕਾਬਲਾ ਕਰ ਰਹੇ ਹਨ। ਸੀ. ਪੀ. ਆਈ ਨੇ ਆਪ 22 ਸਤੰਬਰ ਜਾਂ ਸਾਥੀ ਕੈਨੇਡੀਅਨ ਦੇ ਸਰਧਾਂਜਲੀ ਸਮਾਗਮ ਤੇ ਜੋ ਲਾਮਬੰਦੀ ਕੀਤੀ ਹੈ, ਉਹਦਾ ਜ਼ਿਕਰ ਜੇਕਰ ਪਾਰਲੀਮੈਂਟ ਵਿਚ ਆਉਂਦਾ ਤਾਂ ਜਮਹੂਰੀ ਸ਼ਕਤੀਆਂ ਨੂੰ ਸਾਰੇ ਭਾਰਤ ਵਿਚ ਸ਼ਕਤੀ ਮਿਲਣੀ ਸੀ। ਪੰਜਾਬ ਵਿਚ ਜਮਹੂਰੀ ਸ਼ਕਤੀਆਂ ਦੀ ਭੂਮਿਕਾ ਨੂੰ ਬਾਰੀ ਭਾਰਤ ਦਾ ਪ੍ਰੈਸ ਸਹੀ ਰੂਪ ਵਿਚ ਪੇਸ਼ ਨਹੀਂ ਕਰਦਾ। ਖੱਬੀ ਧਿਰ ਦੇ ਪਾਰਲੀਮੈਂਟ ਮੈਂਬਰ ਨੂੰ ਬਹਿਸ ਦੇ ਦੌਰਾਨ ਇਸ ਨੁਕਤੇ ਨੂੰ ਬਹੁਤ ਮਹੱਤਤਾ ਦੇਣੀ ਚਾਹੀਦੀ ਸੀ। ਇਹ ਮੌਕਾ ਉਹਨਾਂ ਨੇ ਗਵਾਇਆ ਹੈ। ਬਾਕੀ ਅਕਾਲੀ ਮੈਂਬਰਾਂ ਨੇ ਜੋ ਕਿਹਾ ਜਾਂ ਸ੍ਰੀਮਾਨ ਬੂਟਾ ਸਿੰਘ ਨੇ ਜੋ ਚਘਲਾਂ ਮਾਰੀਆਂ, ਇਸ ਬਾਰੇ ਕੋਈ ਹੈਰਾਨਗੀ ਨਹੀਂ। ਇਹਨਾਂ ਲੋਕਾਂ ਦੇ ਟੂੱਲ ਲਗੇ ਹੋਏ ਨੇ, ਤੇ ਆਪਣਾ ਸਮਾਂ ਚੰਗਾ ਕੱਟੀ ਜਾਂਦੇ ਹਨ। ਸਾਧਾਰਨ ਲੋਕਾਂ ਨੂੰ ਹੁਣ ਬਹੁਤ ਸਿਆਣਾ ਬਣਨਾ ਚਾਹੀਦਾ ਹੈ।

## ਪਾਕਿਸਤਾਨ ਵਿਚ ਫਸੇ ਹੋਏ ਸਿੱਖ ਨੌਜਵਾਨਾਂ ਦੀ ਵਾਪਸੀ

ਅਸੀਂ ਜਿਹੜੇ ਅੰਮ੍ਰਿਤਸਰ ਜਾਂ ਗੁਰਦਾਸਪੁਰ ਦੇ ਜ਼ਿਲ੍ਹਿਆਂ ਦੇ ਰਹਿਣ ਵਾਲੇ ਹਾਂ, ਜਾਂਣਦੇ ਹਾਂ ਕਿ ਓਪਰੇਸ਼ਨ ਨੀਲਾ ਤਾਰਾ ਬਾਅਦ ਜਦੋਂ 1984 ਵਿਚ ਪੰਜਾਬ ਮਿਲਟਰੀ ਪ੍ਰਬੰਧ ਦੇ ਥੱਲੇ ਗਿਆ ਤਾਂ ਦਹਿਸ਼ਤ ਦਾ ਚੱਕਰ ਮਿਲਟਰੀ ਵਲੋਂ ਚਲਾਇਆ ਗਿਆ ਸੀ। ਮਿਲਟਰੀ ਵਾਲਿਆਂ ਨੇ ਓਪਰੇਸ਼ਨ ਨੀਲਾ ਤਾਰਾ ਵਾਕੂਨ ਇਸ ਕਾਰਵਾਈ ਨੂੰ ਵੀ ਕੋਈ ਨਾਂ ਦਿਤਾ ਹੋਇਆ ਸੀ। ਮੰਤਵ ਸਿਰਫ ਏਨਾ ਸੀ ਕਿ ਪੰਜਾਬ ਦੇ ਲੋਕਾਂ ਨੂੰ ਖਾਸ ਕਰਕੇ ਪਿੰਡਾਂ ਦੇ ਨੌਜਵਾਨਾਂ ਵਿਚ ਏਨੀ ਦਹਿਸ਼ਤ ਪਾਈ ਜਾਏ ਕਿ ਉਹ ਫੇਰ ਕਦੀ ਕੇਂਦਰ ਦੇ ਵਿਰੁੱਧ ਉਠਣ ਦਾ ਨਾਂ ਹੀ ਨਾ ਲੈਣ। ਬੂਟਾ ਸਿੰਘ ਉਸ ਵੇਲੇ ਇੰਦਰਾ ਗਾਂਧੀ ਦਾ ਇਸ ਮਸਲੇ ਵਿਚ ਸਲਾਹਕਾਰ ਸੀ। ਇਸ ਕਾਰਵਾਈ ਦੇ ਦੌਰਾਨ ਬਹੁਤ ਸਾਰੇ ਸਿਖ ਨੌਜਵਾਨ ਬਾਰਡਰ ਪਾਰ ਕਰ ਗਏ ਸਨ, ਪਾਕਿਸਤਾਨ ਨੇ ਇਹਨਾਂ ਨੂੰ ਬੋਚ ਲਿਆ। ਪਾਕਿਸਤਾਨ ਵਾਲਿਆਂ ਕਦੇ ਇਹ ਦਾਅਵਾ ਨਹੀਂ ਕੀਤਾ ਕਿ ਉਹ ਭਾਰਤ ਦੇ ਦੋਸਤ ਨੇ ਤੇ ਜੇ ਉਹਨਾਂ ਕੋਈ ਮੌਕਾ ਮਿਲੇ ਜੀਹਦੇ ਨਾਲ ਉਹ ਭਾਰਤ ਨੂੰ ਕੁਝ ਤੰਗ ਕਰ ਸਕਣ ਤੇ ਉਹ ਮੌਕਾ ਕਿਉਂ ਗਵਾਂਦੇ ? ਇਹ ਨੌਜਵਾਨ ਜਿਨ੍ਹਾਂ ਦੀ ਗਿਣਤੀ 1500–2000 ਦੱਸੀ ਜਾਂਦੀ ਹੈ, ਕੁਝ ਚਿਰ ਲਈ ਪਾਕਿਸਤਾਨ ਲਈ ਇਕ ਰੱਬੋਂ ਦਿਤੀ ਦਾਤ ਸਨ। ਇਹਨਾਂ ਵਿਚੋਂ ਕੁਝ ਤਾਂ ਬਾਕਾਇਦਾ ਖਾਲਿਸਤਾਨੀ ਲਹਿਰ ਦੇ ਸਿਪਾਹੀ ਬਣ ਗਏ, ਪਰ ਬਹੁਤੇ ਦਿਲੋਂ ਘਰ ਪਰਤਨਾ ਚਾਹੁੰਦੇ ਹਨ। ਪਾਕਿਸਤਾਨੀ ਉਹਨਾਂ ਨੂੰ ਭਾਰਤ ਵਲ ਧਕਦਾ ਹੈ, ਤਾਂ ਇਥੇ ਬੀ. ਐਸ. ਐਫ਼ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਪਾਕਿਸਤਾਨ ਰਹਿੰਦੇ ਹਨ ਤਾਂ ਉਥੇ ਚਾਬਕਾਂ ਪੈਂਦੀਆਂ ਹਨ (ਇਹ ਗੱਲਾਂ ਪਾਕਿਸਤਾਨ ਤੋਂ ਪਰਤੇ ਇਕ ਨੌਜਵਾਨ ਨੇ ਦਸੀਆਂ ਹਨ, ਜੋ ਕੁਝ ਖੁਸ਼ਕਿਸਮਤਾਂ ਵਿਚੋਂ ਇਕ ਕਿਹਾ ਜਾ ਸਕਦਾ ਹੈ, ਜਿਸਦਾ ਆਤਮ ਸਮਰਪਣ ਬੀ.ਐਸ. ਐਫ. ਵਲੋਂ ਕਬੂਲਿਆ ਗਿਆ ਤੇ ਕੁਝ ਦੇਰ ਜੇਲ੍ਹ 'ਚ ਰਹਿਣ ਦੇ ਬਾਅਦ ਹੁਣ ਬਾਹਰ ਆਇਆ ਹੈ)। ਇਹਨਾਂ ਨੌਜਵਾਨ ਬਾਰੇ ਪੰਜਾਬ ਦੇ ਸਾਰੇ ਲੋਕਾਂ ਨੂੰ ਫਿਕਰ ਹੋਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਕਿ ਉਹ ਜ਼ਰਾਇਮ ਪੇਸ਼ਾ ਕਾਤਲ ਬਣ ਜਾਣ, ਇਹਨਾਂ ਨੂੰ ਕਿਸੇ ਤਰ੍ਹਾਂ ਬਚਾਇਆ ਜਾਏ। ਬਦੇਸ਼ਾਂ ਵਿਚ ਰਹਿੰਦੇ ਆਪਣੇ ਲੋਕਾਂ ਅੱਗੇ ਇਹ ਇਕ ਅਪੀਲ ਹੈ ਕਿ ਉਹ ਪਾਕਿਸਤਾਨ ਅਤੇ ਭਾਰਤ ਦੀਆਂ ਐਬੈਸੀਆਂ ਉਤੇ ਜ਼ੋਰ ਪਾਉਣ, ਵਿਸ਼ਵ ਰੈੱਡ ਕਰਾਸ ਏਜੰਸੀ ਦੀ ਸਹਾਇਤਾ ਲੈਣ, ਕਿਸੇ ਤਰ੍ਹਾਂ ਵੀ ਕੋਈ ਰਾਹ ਲੱਭਣ ਕਿ ਇਹ ਨੌਜਵਾਨ ਆਪਣੇ ਘਰਾਂ ਵਿਚ ਪਰਤ ਸਕਣ। ਬਲਵੰਤ ਸਿੰਘ ਵਿੱਤ ਮੰਤਰੀ ਨੇ ਇਕ ਕਾਰੀਡੋਰ ਦੀ ਤਜਵੀਜ਼ ਦਿੱਤੀ ਹੈ ਕਿ ਬਾਰਡਰ ਤੇ ਇਕ ਥਾਂ ਮਿੱਥ ਲਈ ਜਾਏ, ਜਿਥੇ ਆ ਕੇ ਉਹ ਆਤਮ ਸਮਰਪਣ ਕਰ ਸਕਣ। ਬਲਵੰਤ ਸਿੰਘ ਆਪ ਹਕੂਮਤੀ ਕੁਰਸੀ ਉਤੇ ਹੈ, ਉਹਦੇ ਲਈ ਸਿਰਫ ਤਜਵੀਜ਼ ਦੇਣਾ ਕਾਫੀ ਨਹੀਂ, ਕੁਝ ਅਮਲੀ ਕਾਰਵਾਈ ਜ਼ਰੂਰੀ ਹੈ।

## o ਪੰਜਾਬ ਮਸਲੇ ਬਾਰੇ ਹਿੰਦੂ ਭਾਈਚਾਰੇ ਵਿਚ ਦੋ ਰੁਝਾਣ, ਸ਼ਿਵ ਸੈਨਾ ਦੀ ਵਿਰੋਧਤਾ

23 ਨਵੰਬਰ ਅਮ੍ਰਿਤਸਰ ਇਕ ਵਿਸ਼ਾਲ ਹਿੰਦੂ ਸਿੱਖ ਏਕਤਾ ਸੰਮੇਲਨ ਹੋਇਆ, ਜਿਸਦਾ ਪ੍ਰਬੰਧ ਅਤੇ ਹਾਜ਼ਰੀ ਸਰਬੱਤ ਖਾਲਸੇ ਦੇ ਸੰਮੇਲਨ ਦੇ ਪੱਧਰ ਦੀ ਸੀ। ਇਹ ਸੰਮੇਲਨ ਬੁਲਾਣ ਵਾਲਿਆਂ ਵਿਚ ਵੱਡੀ ਗਿਣਤੀ ਆਰ. ਐਸ. ਐਸ. ਦੇ ਵਰਕਰਾਂ ਦੀ ਸੀ ਜੋ ਰਾਸ਼ਟਰੀ ਸੁਰਖਸ਼ਾ ਸੰਮਤੀ ਦੇ ਨਾਂ ਥੱਲੇ ਕੰਮ ਕਰ ਰਹੇ ਸਨ। ਇਸ ਸੰਮੇਲਨ ਵਿਚ ਭਾਵੇਂ ਜਥੇਦਾਰ ਉਮਰਾਨੰਗਲ ਵਰਗੀਆਂ ਹਸਤੀਆਂ ਵੀ ਸ਼ਾਮਲ ਸਨ ਪਰ ਵੱਡੀ ਗਿਣਤੀ ਹਿੰਦੂ ਭਾਈਚਾਰੇ ਦੀ ਹੀ ਸੀ, ਜੋ ਪੰਜਾਬ ਦੇ ਹਰ ਸ਼ਹਿਰ ਤੋਂ ਆਏ ਸਨ। ਇਸ ਸੰਮੇਲਨ ਵਿਚ ਜਿਥੇ ਰਾਸ਼ਟਰੀ ਏਕਤਾ ਦੀ ਗੱਲ ਇਕ ਜਾਣੇ ਪਹਿਚਾਣੇ ਦ੍ਰਿਸ਼ਟੀਕੋਣ ਨਾਲ ਕੀਤੀ ਗਈ ਜਿਸ ਵਿਚ ਹਿੰਦੂ ਸ਼ਾਵਨਵਾਦ ਭਾਰੂ ਸੀ ਪਰ ਇਕ ਗੱਲ ਨਵੀਂ ਜੋ ਦੇਖਣ ਵਿਚ ਆਈ ਉਹ ਇਹ ਸੀ ਕਿ ਤਕਰੀਬਨ ਸਾਰੇ ਹੀ ਬੁਲਾਰਿਆਂ ਵਲੋਂ ਪੰਜਾਬ ਦੇ ਮਸਲੇ ਨੂੰ ਸਿਰਫ ਸਿੱਖਾਂ ਦਾ ਮਸਲਾ ਕਹਿਣ ਦੀ ਗਲਤੀ ਨੂੰ ਸਵੀਕਾਰ ਕੀਤਾ ਗਿਆ। ਇਕ ਹਿੰਦੂ ਸੰਮੇਲਨ ਵਿਚ ਪਹਿਲੀ ਵਾਰ ਇਹ ਗੱਲ ਮੰਨੀ ਗਈ ਕਿ ਪੰਜਾਬੀ ਬੋਲਦੇ ਹਿੰਦੂਆਂ ਨੇ ਪੰਜਾਬੀ ਜ਼ਬਾਨ ਨੂੰ ਸਵੀਕਾਰ ਨਾ ਕਰਕੇ ਪੰਜਾਬੀ ਭਾਈਚਾਰੇ ਦੀ ਏਕਤਾ ਵਿਚ ਖਾਹ-ਮਖਾਹ ਵਿਘਣ ਪਾਇਆ ਹੈ। ਸ਼ਿਵ ਸੈਨਾ ਦੀ ਪਹੁੰਚ ਨੂੰ ਖੁਲੇਆਮ ਗਲਤ ਕਿਹਾ ਗਿਆ। ਸੰਮੇਲਨ ਦੇ ਪ੍ਰਬੰਧਕਾਂ ਦੇ ਬੁਨਿਆਦੀ ਵਿਚਾਰਾਂ ਤੋਂ ਜਾਣੂ ਹੁੰਦਿਆਂ ਹੋਇਆਂ (ਜੋ ਕਿ ਆਰ.ਐਸ.ਐਸ. ਦੀ ਪਹੁੰਚ ਹੈ ਕਿ ਸਿੱਖ ਹਿੰਦੂ ਭਾਈਚਾਰੇ ਦੀ ਸ਼ਾਖ ਹਨ, ਇਸ ਲਈ ਹਿੰਦੂ ਸਿੱਖ ਵਿਚ ਕੋਈ ਫਰਕ ਨਹੀਂ, ਇਸ ਵਿਚਾਰ ਨੂੰ ਸਿੱਖ ਭਾਈਚਾਰਾ ਬਿਲਕੁਲ ਸਵੀਕਾਰ ਨਹੀਂ ਕਰਦਾ, ਸਗੋਂ ਉਹ ਇਹਦੇ ਬਿਲਕੁਲ ਵਿਰੋਧ ਹੈ) ਇਹ ਕਿਹਾ ਜਾ ਸਕਦਾ ਹੈ ਕਿ ਫਿਰਕੂ ਨਫਰਤ ਦੇ ਵਾਤਾਵਰਨ ਨੂੰ ਕੁਝ ਕੁ ਠੀਕ ਕਰਨ ਲਈ ਇਸ ਸੰਮੇਲਨ ਦੀ ਹਾਂ ਪੱਖੀ ਦੇਣ ਹੈ। ਇਕ ਵੱਡੀ ਗਿਣਤੀ ਵਿਚ ਹਿੰਦੂ ਭਾਈਚਾਰੇ ਵਲੋਂ ਸ਼ਿਵ ਸੈਨਾ ਦੀ ਜ਼ਹਿਰੀਲੀ ਪਹੁੰਚ ਨੂੰ ਰੱਦ ਕਰਨ ਦੇ ਅਮਲ ਨੂੰ ਨੋਟ ਕਰਨਾ ਜ਼ਰੂਰੀ ਹੈ। ਇਕ ਹੋਰ ਰੁਝਾਣ ਜਿਸਦਾ ਅਸਰ ਸਾਰੇ ਭਾਰਤ ਵਿਚ ਸਿੱਖ ਵਿਰੋਧੀ ਨਫ਼ਰਤ ਫੈਲਾਉਣ ਦੇ ਅਮਲ ਨੂੰ ਕੁਝ ਠੱਲ੍ਹ ਪਾ ਸਕਦਾ ਹੈ, ਉਹ ਵਿਨੋਬਾ ਦੀ ਸਰਵੋਦਿਆ ਸੰਸਥਾ ਵਾਲਿਆਂ ਦੀ ਦੇਣ ਹੈ, ਅਗਸਤ ਦੇ ਮਹੀਨੇ ਕੋਈ 80 ਸਰਵੋਦਿਆ ਦੇ ਵਰਕਰ ਪੰਜਾਬ ਦੇ ਵੱਖ ਵੱਖ ਹਿਸਿਆਂ ਵਿਚ ਦੌਰਾ ਕਰਨ ਗਏ ਹਨ। ਇਹਨਾਂ ਦਾ ਆਗੂ ਠਾਕੁਰ ਦਾਸ ਬੰਗ ਅਤੇ ਪ੍ਰੋਫੈਸਰ ਦੀਵਾਰਕਰ ਸਨ ਜੋ ਜੈ ਪ੍ਰਕਾਸ਼ ਨਰਾਇਨ ਦੇ ਸਾਥੀਆਂ ਵਿਚੋਂ ਹਨ ਅਤੇ ਐਮਰਜੈਂਸੀ ਦੇ ਵਿਰੁੱਧ ਸੰਘਰਸ਼ ਦੇ ਆਗੂ ਰਹੇ ਹਨ। ਪੰਜਾਬ ਵਿਚ ਆਪਣੇ ਦੌਰੇ ਦੇ ਦਰ-ਮਿਆਨ ਇਹ ਪਿੰਡਾਂ ਵਿਚ ਵੀ ਗਏ ਹਨ ਅਤੇ ਸ਼ਹਿਰਾਂ ਵਿਚ ਵੀ ਹਿੰਦੂ ਭਾਈਚਾਰੇ ਦੇ ਲੋਕਾਂ ਨੂੰ ਮਿਲੇ ਹਨ। ਬਾਅਦ ਵਿਚ ਇਸੇ ਸੰਸਥਾ ਵਲੋਂ ਦਿੱਲੀ ਵਿਚ ਅਤੇ ਬਨਾਰਸ ਵਿਚ ਪੰਜਾਬ ਦੇ ਮਸਲੇ ਤੇ ਵੱਡੀਆਂ ਕਨਵੈਨ-ਸ਼ਨਾਂ ਕੀਤੀਆਂ ਹਨ। ਇਹਨਾਂ ਨੇ ਸਪੱਸ਼ਟ ਤੌਰ ਤੇ ਇਹ ਸਟੈਂਡ ਲਿਆ ਹੈ ਕਿ ਭਾਰਤ ਸਰਕਾਰ ਨੇ ਪੰਜਾਬ ਦੇ ਸਾਰੇ ਮਸਲੇ ਨੂੰ ਬੜੇ ਗ਼ਲਤ ਤਰੀਕੇ ਨਾਲ ਨਜਿਠਿਆ ਹੈ। ਵਿਸ਼ੇਸ਼ ਕਰਕੇ ਪ੍ਰੈਸ ਅਤੇ ਹੋਰ ਪ੍ਰਚਾਰ ਮਾਧਿਅਮਾਂ ਰਾਹੀਂ ਜਦੋਂ ਸਿੱਖਾਂ ਵਿਰੁੱਧ ਦੇਸ਼ ਧਰੋਹੀ ਹੋਣ ਦੀ ਪ੍ਰਚਾਰ ਮੁਹਿੰਮ ਚੱਲ ਰਹੀ ਸੀ ਤਾਂ ਭਾਰਤ ਸਰਕਾਰ ਨੂੰ ਇਸਨੂੰ ਸਖ਼ਤੀ ਨਾਲ ਰੋਕਣਾ ਚਾਹੀਦਾ ਸੀ। ਦਿੱਲੀ ਸਿੱਖਾਂ ਦੇ ਕਤਲੇਆਮ ਦੀ ਪੂਰੀ ਤਰ੍ਹਾਂ ਜ਼ਿੰਮੇਵਾਰੀ ਭਾਰਤ ਸਰਕਾਰ ਉਤੇ ਸੁੱਟਦਿਆਂ ਸ਼ਕਤੀਸ਼ਾਲੀ ਦਲੀਲਾਂ ਰਾਹੀਂ ਉਹਨਾਂ ਨੇ ਦੋਸ਼ੀਆਂ ਲਈ ਸਜ਼ਾ ਦੀ ਮੰਗ ਕੀਤੀ ਹੈ। 5 ਲੱਖ ਪੈਂਫਲਿਟ ਛਾਪ ਕੇ ਭਾਰਤ ਦੇ ਹਰ ਸੂਬੇ ਵਿਚ ਦੇਸ਼ ਭਗਤ ਸਿੱਖਾਂ ਦੇ ਹੱਕ ਵਿਚ ਉਹਨਾਂ ਨੇ ਪ੍ਰਚਾਰ ਵਿੱਢਿਆ ਹੈ। ਇਹ ਇਕ ਹਾਂ ਪੱਖੀ ਕਦਮ ਹੈ। ਸਿੱਖ ਭਾਈਚਾਰੇ ਵਿਚ ਇਹ ਆਮ ਪ੍ਰਭਾਵ ਹੈ ਕਿ ਭਾਰਤ ਵਿਚ ਉਹਨਾਂ ਦਾ ਕੋਈ ਦੋਸਤ ਨਹੀਂ। ਅਸਲ ਵਿਚ ਇਹ ਪ੍ਰਭਾਵ ਬਨਾਉਣ ਵਿਚ ਸਿੱਖਾਂ ਦੇ ਕਟੜਵਾਦੀ ਹਲਕੇ ਜ਼ਿੰਮੇਵਾਰ ਹਨ, ਜਿਨ੍ਹਾਂ ਦਾ ਇਸ ਪ੍ਰਚਾਰ ਵਿਚ ਨਿੱਜੀ ਸਵਾਰਥ ਹੈ। ਇਸ ਸਿਲਸਲੇ ਵਿਚ ਹਰ ਇਕ ਹਾਂ ਪੱਖੀ ਰੁਝਾਣ ਜਿਸ ਨਾਲ ਪੰਜਾਬ ਮਸਲੇ ਨੂੰ ਹਲ ਕਰਨ ਵਿਚ ਸਹਾਇਤਾ ਮਿਲ ਸਕੇ ਅਤੇ ਫਿਰਕੂ ਨਫਰਤ ਨੂੰ ਠੱਲ ਪੈ ਸਕੇ, ਦਾ ਨੋਟਿਸ ਲੈਣਾ ਜ਼ਰੂਰੀ ਹੈ।

## o ਖਾਲਿਸਤਾਨੀ ਦਹਿਸ਼ਤਗਰਦਾਂ ਹਥੋਂ ਬੇਦੋਸ਼ਿਆਂ ਕਤਲਾਂ ਵਿਰੁੱਧ ਜਬਰ ਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ ਅਤੇ ਲੁਧਿਆਨਾ ਦੀ ਮੇਹਨਤ-ਕਸ਼ ਜਮਾਤ ਵਲੋਂ ਸ਼ਲਾਘਾਯੋਗ ਲਾਮਬੰਦੀ :

ਖਾਲਿਸਤਾਨੀ ਕਮਾਂਡੋ ਫੋਰਸ ਵਲੋਂ ਲੁਧਿਆਨਾ ਵਿਚ ਸਰੇ ਬਾਜ਼ਾਰ ਗੋਲੀਆਂ ਦੀ ਵਾਛੜ ਵਿਚ ਮਰਨ ਵਾਲਿਆਂ ਵਿਚੋਂ ਇਕ ਅਵਾਸੀ ਮਜ਼ਦੂਰ ਵੀ ਸੀ। ਇਸ ਘਟਨਾ ਦੇ ਵਿਰੋਧ ਜਿਥੇ ਸ਼ਿਵ ਸੈਨਾ ਵਰਗੀਆਂ ਸੰਸਥਾਵਾਂ ਨੇ ਲੁਧਿਆਨਾ ਬੰਦ ਦਾ ਸੱਦਾ ਦੇ ਕੇ ਫਿਰਕੂ ਜ਼ਹਿਰ ਨੂੰ ਵਧਾਉਣ ਦਾ ਯਤਨ ਕੀਤਾ, ਉਥੇ ਲੁਧਿਆਨਾ ਦੀ ਜ਼ਬਰ ਤੇ ਫਿਰਕਾ ਪ੍ਰਸਤੀ ਫਰੰਟ ਦੀ ਇਕਾਈ ਨੇ ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਅਤੇ ਹੋਰ ਮਜ਼ਦੂਰ ਯੂਨੀਅਨਾਂ

ਦੇ ਸਹਿਯੋਗ ਨਾਲ ਐਸੀ ਲਾਮਬੰਦੀ ਕੀਤੀ ਕਿ ਲੋਕਾਂ ਦਾ ਸਮੁੱਚਾ ਰੋਹ ਫਿਰਕਾਪ੍ਰਸਤੀ ਵਿਰੁਧ ਸੇਧਤ ਹੋਇਆ। 31 ਅਕਤੂਬਰ ਸਵੇਰ ਤੋਂ ਲੈ ਕੇ ਸ਼ਾਮ ਤਕ ਮਜ਼ਦੂਰ ਮੁਹਲਿਆਂ ਵਿਚ ਅਤੇ ਵਿਹੜਿਆਂ ਵਿਚ ਨੁੱਕਰ ਮੀਟਿੰਗਾਂ ਅਤੇ ਗਰੁੱਪ ਬੈਠਕਾਂ ਵਿਚ ਇਹ ਗਲ ਸਮਝਾਈ ਗਈ ਕਿ ਕਿਸ ਤਰ੍ਹਾਂ ਦੋਨਾਂ ਫਿਰਕਿਆਂ ਦੀ ਹਾਕਮ ਜਮਾਤ ਲੋਕਾਂ ਦੀ ਅਤੇ ਖਾਸ ਕਰ ਕੇ ਮਜ਼ਦੂਰ ਜਮਾਤ ਦੀ ਏਕਤਾ ਤੋੜਣਾ ਚਾਹੁੰਦੀ ਹੈ। ਸ਼ਾਮ ਨੂੰ ਛੋਟੇ ਛੋਟੇ ਜਲੂਸਾਂ ਦੀ ਸ਼ਕਲ ਵਿਚ ਮਜ਼ਦੂਰ ਬਸਤੀਆਂ ਵਿਚੋਂ ਆ ਕੇ ਮਜ਼ਦੂਰਾਂ ਜਿਨ੍ਹਾਂ ਵਿਚ ਅਵਾਸੀ ਮਜ਼ਦੂਰ ਵੀ ਸਨ ਤੇ ਪੰਜਾਬੀ ਮਜ਼ਦੂਰ ਵੀ ਸਨ, ਇਕ ਵਡੀ ਰੈਲੀ ਕੀਤੀ, ਜਿਸਨੂੰ ਜਬਰ ਤੇ ਫਿਰਕਾਪ੍ਰਸਤੀ ਫਰੰਟ ਆਗੂਆਂ ਨੇ ਸੰਬੋਧਨ ਕੀਤਾ। 9 ਨਵੰਬਰ ਫਿਰ ਇਕ ਵਡੀ ਪੱਧਰ ਤੇ ਸ਼ਰਧਾਂਜਲੀ ਸਮਾਗਮ ਕੀਤਾ। ਇਸ ਸ਼ਲਾਘਾਯੋਗ ਲਾਮ-ਬੰਦੀ ਲਈ ਫਰੰਟ ਦੀ ਲੁਧਿਆਨਾ ਇਕਾਈ ਵਧਾਈ ਦੀ ਹੱਕਦਾਰ ਹੈ। ਇਕ ਪਾਸੇ ਖਾਲਿਸਤਾਨੀ ਕਮਾਂਡੋ ਵਾਲਿਆਂ ਦੀ ਅਤੇ ਦੂਜੇ ਪਾਸੇ ਸ਼ਿਵ ਸੈਨਾ ਵਰਗੀਆਂ ਫਾਸ਼ੀ ਜਥੇ-ਬੰਦੀਆਂ ਦੀ ਇਹ ਕੋਸ਼ਿਸ਼ ਹੈ ਕਿ ਸਾਧਾਰਨ ਲੋਕਾਂ ਵਿਚ ਫਿਰਕੂ ਜ਼ਹਿਰ ਭਰਿਆ ਜਾਵੇ। ਦੋਨਾਂ ਫਿਰਕਿਆਂ ਦਾ ਜਮ-ਹੂਰੀ ਅਨਸਰ ਜੇਕਰ ਅਮਲੀ ਪਹਿਲਕਦਮੀ ਨਾਲ ਇਸ 'ਚ ਵਿ ਦਖਲ ਅੰਦਾਜ਼ੀ ਕਰੇ ਤਾਂ ਇਸ ਜ਼ਹਿਰ ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਹੈ। ਇਸ ਸਿਲਸਿਲੇ ਵਿਚ 27 ਅਕਤੂਬਰ ਰਾਮਪੁਰ ਫੂਲ ਵਿਚ ਫਰੰਟ ਵਲੋਂ ਜੋ ਲਾਮਬੰਦੀ ਕੀਤੀ ਗਈ, ਉਹ ਵੀ ਆਪਣੇ ਆਪ ਵਿਚ ਇਕ ਮਿਸਾਲ ਸੀ। ਸਾਰੇ ਸ਼ਹਿਰ ਵਿਚ ਥਾਂ ਥਾਂ ਤੇ ਲੋਕ ਏਕਤਾ ਦੇ ਮਾਟੋ ਅਤੇ ਬੈਨਰ ਲਗੇ ਸਨ, ਜੋ ਬੜੇ ਕਲਾਤਮਕ ਤਰੀਕੇ ਨਾਲ ਤਿਆਰ ਕੀਤੇ ਗਏ ਸਨ। ਰਾਤ ਨੂੰ ਵਡੀ ਪੱਧਰ ਤੇ ਇਕ ਨਾਟਕ ਸਮਾਗਮ ਕੀਤਾ ਗਿਆ ਜਿਸਦੀ ਹਾਜ਼ਰੀ 8–10 ਹਜ਼ਾਰ ਸੀ, ਇਹਨਾਂ ਯਤਨਾਂ ਦੀ ਸਫਲਤਾ ਤੇ ਇਹ ਵਿਸ਼ਵਾਸ ਕਾਇਮ ਹੁੰਦਾ ਹੈ ਕਿ ਫਿਰਕੂ ਜ਼ਹਿਰ ਫੈਲਾਉਣ ਵਾਲੇ ਨਾਗਾਂ ਤੋਂ ਪੰਜਾਬ ਨੂੰ ਬਚਾਇਆ ਜਾ ਸਕਦਾ ਹੈ। o

---

## ਸੰਤ ਰਾਮ ਉਦਾਸੀ ਦੀ ਯਾਦ ਵਿਚ

ਸੰਤ ਰਾਮ ਉਦਾਸੀ ਸਾਡੇ ਦਰਮਿਆਨ ਨਹੀਂ ਰਿਹਾ। ਇਕ ਦੁਖਾਂਤਕ ਹਾਲਤ ਵਿਚ ਉਹਦੀ ਮੌਤ ਪੰਜਾਬ ਤੋਂ ਦੂਰ ਮਹਾਂਰਾਸ਼ਟਰ ਦੇ ਸ਼ਹਿਰ ਮਨਮਾਦ ਵਿਚ ਹੋਈ ਹੈ। ਉਦਾਸੀ ਸਾਡਾ ਉਹ ਗੀਤਕਾਰ ਸੀ ਜੀਹਦੇ ਗੀਤਾਂ ਦੀ ਗੂੰਜ 1971 ਤੋਂ ਲੈਕੇ 1982 ਤਕ ਸਾਡੀ ਲਹਿਰ ਦੀ ਹਰ ਕਾਨਫਰੰਸ, ਹਰ ਰੈਲੀ, ਹਰ ਕਨਵੈਨਸ਼ਨ ਵਿਚ ਗੂੰਜੀ : ਉਮਰ ਦੇ ਆਖਰੀ ਪੜਾ ਵਿਚ ਕੁਝ ਘਰੇਲੂ ਤੰਗਦਸਤੀਆਂ ਅਤੇ ਹੋਰ ਕਾਰਨਾਂ ਕਰਕੇ ਉਹਦਾ ਸਾਰਾ ਸਰੀਰ ਸਿਸਟਮ ਨਸ਼ਿਆਂ ਦਾ ਮੁਹਤਾਜ ਹੋ ਗਿਆ ਸੀ। ਇਲਜ਼ਾਮ ਹੈ ਕਿ ਸਾਡੀ ਲਹਿਰ ਉਹਨੂੰ ਸੰਭਾਲ ਨਹੀਂ ਸਕੀ। ਲਹਿਰ ਦੀਆਂ ਆਪਣੀਆਂ ਮਜਬੂਰੀਆਂ ਹਨ। ਇਹ ਰਾਜਿਆਂ ਮਹਾਰਾਜਿਆਂ ਦੀ ਲਹਿਰ ਤਾਂ ਹੈ ਨਹੀਂ। ਗਰੀਬ ਲੋਕਾਂ ਦੀ ਲਹਿਰ ਹੈ। ਲਹਿਰ ਦਾ ਹਰ ਵਿਅਕਤੀ ਇਕ ਦੂਜੇ ਦੇ ਜਿੰਨਾਂ ਕੰਮ ਆ ਸਕਦਾ ਹੈ, ਆਉਂਦਾ ਹੈ ਪਰ ਥੁੜਾਂ ਏਨੀਆਂ ਹਨ ਕਿ ਕੋਈ ਚਾਹੁੰਦਿਆਂ ਹੋਇਆਂ ਵੀ ਕੁਝ ਨਹੀਂ ਕਰ ਸਕਦਾ। ਉਦਾਸੀ ਦੀ ਮੰਦੜੀ ਹਾਲਤ ਸਾਡੇ ਸਾਹਮਣੇ ਸੀ, ਅਸੀਂ ਉਹਨੂੰ ਆਪਣੀ ਲਹਿਰ ਲਈ ਬਚਾ ਨਹੀਂ ਸਕੇ, ਇਹ ਇਕ ਦੁਖਦਾਇਕ ਸਚਾਈ ਹੈ। ਇਹ ਸਚਾਈ ਅਸੀਂ ਸਵੀਕਾਰ ਕਰਦੇ ਹਾਂ, ਪਰ ਇਲਜ਼ਾਮ ਦੇ ਤੌਰ ਤੇ ਨਹੀ ਸਿਰਫ ਇਕ ਹਾਦਸੇ ਦੇ ਤੌਰ ਤੇ, ਅਸੀਂ ਆਪਣੇ ਵਿਛੜ ਗਏ ਕਵੀ ਤੇ ਗੀਤਕਾਰ ਨੂੰ ਉਹਦੀਆਂ ਕੁਝ ਰਚਨਾਵਾਂ ਨੂੰ ਇਥੇ ਪੇਸ਼ ਕਰਕੇ ਆਪਣੀ ਸਰਧਾਂਜਲੀ ਦੇਂਦੇ ਹਾਂ।

ਗੁਰਸ਼ਰਨ ਸਿੰਘ

---

### ਹੇ ਜਨਤਾ

ਤੇਰੇ ਅਰਦਾਸ ਕਰਦਾ ਹਾਂ,
ਨਸ਼ਾ ਉਠਦਾ ਜੁਆਨੀ ਦਾ।
ਕਿ ਸੂਹਾ ਰੰਗ ਹੋ ਜਾਏ,
ਤੇਰੀ ਸਰਘੀ ਦੀ ਰਾਣੀ ਦਾ।
ਉਰੇ ਆ! ਹਾਰ ਗੀਤਾਂ ਦਾ,
ਮੈਂ ਤੇਰੇ ਗਲ 'ਚ ਪਹਿਨਾਵਾਂ,
ਕਿ ਮੁੱਢ ਤੁਰ ਪਏ ਨਵੇਂ ਸਿਰਿਓਂ,
ਮੇਰੀ ਮੁੱਕਦੀ ਕਹਾਣੀ ਦਾ।
ਹੈ ਤੇਰੇ ਵਿਚ ਵੀ ਮੁੜ੍ਹਕਾ
ਖ਼ੂਨ, ਖ਼ੰਜਰ, ਬਗ਼ਾਵਤ ਵੀ,
ਪੈਗੰਬਰ ਤੂੰ ਬਣਾ ਦੇਵੇਂ,
ਹੋਵੇ ਬੰਦਾ ਦੁਆਨੀ ਦਾ।
ਭਾਵੇਂ ਜੀਵਨ ਦੀ ਸਾਰੀ ਸਲਤਨੱਤ
ਕੁਰਬਾਨ ਹੋ ਜਾਏ,
ਅਸਾਨੂੰ ਤਾਂ ਨਸ਼ਾ ਕਾਫੀ,
ਤੇਰੇ ਗੀਤਾਂ ਦੀ ਨਿਸ਼ਾਨੀ ਦਾ।
ਸੁਨੇਹਾ ਹੱਕ-ਬੁੱਢੜੇ ਦਾ,

ਧਰਤ ਨੂੰ ਦੇਣ ਆਇਆ ਹਾਂ,
ਹੁੰਗਾਰਾ ਜੇ ਮਿਲੇ ਤੈਥੋਂ,
ਮੇਰੀ ਵਿਥਿਆ ਪੁਰਾਣੀ ਦਾ।
ਤੇਰੇ ਅਰਦਾਸ ਕਰਦਾ ਹਾਂ,
ਨਸ਼ਾ ਉਠਦੀ ਜੁਆਨੀ ਦਾ।
ਕਿ ਸੂਹਾ ਰੰਗ ਹੋ ਜਾਏ,
ਤੇਰੀ ਸਰਘੀ ਦੀ ਰਾਣੀ ਦਾ।

o

## ਇਕ ਸ਼ਰਧਾਂਜਲੀ—ਇਕ ਲਲਕਾਰ

ਚੜ੍ਹਨ ਵਾਲਿਓ ਹੱਕਾਂ ਦੀ ਭੇਟ ਉਤੇ,
ਥੋਨੂੰ ਸ਼ਰਧਾ ਦੇ ਫੁੱਲ ਚੜ੍ਹਾਉਣ ਲੱਗਿਆਂ।
ਥੋੜੀ ਯਾਦ ਵਿਚ ਬੈਠ ਕੇ ਦੋ ਘੜੀਆਂ,
ਇਕ ਦੋ ਪਿਆਰ ਦੇ ਹੰਝੂ ਬਹਾਣ ਲੱਗਿਆਂ।
ਥੈਨੂੰ ਮਿਲੂ ਹੁੰਗਾਰਾ ਸੰਸਾਰ ਵਿਚੋਂ,
ਮੁੱਢ ਬੰਨ੍ਹਿਐਂ ਤੁਸੀਂ ਕਹਾਣੀਆਂ ਦਾ।
ਸੌਂਹ ਖਾਂਦੇ ਹਾਂ ਅਸੀਂ ਜੁਆਨੀਆਂ ਦੀ,
ਮੁੱਲ ਤਾਰਾਂਗੇ ਅਸੀਂ ਕੁਰਬਾਨੀਆਂ ਦਾ।
ਜਿਥੇ ਗਏ ਹੋ ਅਸੀਂ ਵੀ ਆਏ ਜਾਣੋਂ,
ਬਲਦੀ ਚਿਖਾ ਹੁਣ ਠੰਡੀ ਨੀ ਹੋਣ ਦੇਣੀ।
ਗਰਮ ਰੱਖਾਂਗੇ ਦੌਰ ਕੁਰਬਾਨੀਆਂ ਦਾ,
ਲਹਿਰ ਹੱਕਾਂ ਦੀ ਰੰਡੀ ਨੀ ਹੋਣ ਦੇਣੀ।
ਖੇਡਣ ਜਾਣਗੇ ਹੜ੍ਹਾਂ ਦੀ ਹਿੱਕ ਅੰਦਰ,
ਸਿਰੀਂ ਜ਼ੁਲਮ ਦੀ ਝੰਡੀ ਨੀ ਹੋਣ ਦੇਣੀ।
ਸਾਮਰਾਜ ਦੀ ਮੰਡੀ ਜੋ ਹਿੰਦ ਹੋਇਆ,
ਹੁਣ ਇਹ ਲੋਥਾਂ ਦੀ ਮੰਡੀ ਨੀ ਹੋਣ ਦੇਣੀ।

o

## ਇਕ ਗੀਤ

ਕਾਲਖ ਦੇ ਵਣਜਾਰਿਓ ਚਾਨਣ ਕਦੇ ਹਰਿਆ ਨਹੀਂ
ਓ ਕਿਰਨਾਂ ਦੇ ਕਾਤਲੋ ਸੂਰਜ ਕਦੇ ਠਰਿਆ ਨਹੀਂ
ਵਿਛੜੀਆਂ ਕੁਝ ਮਜਲਿਸਾਂ ਤੇ ਉਠ ਗਏ ਕੁਝ ਗੀਤ ਹੋ
ਪਰ ਸਮਾਂ ਹੈ ਸਮਝਦਾ ਸੱਦ ਸਮੇਂ ਦੀ ਲੋੜ ਹੋ
ਵਿਚ ਝਨਾਵਾਂ ਰੂਪ ਖਰਿਆ ਇਸ਼ਕ ਤਾਂ ਖੁਰਿਆ ਨਹੀਂ
ਕਾਲਖ ਦੇ ਵਣਜਾਰਿਓ............
ਰਾਤ ਨੇ ਭਾਵੇਂ ਕਸਾਈਆਂ ਦੀ ਕਰੀ ਹੈ ਰੀਸ ਹੋ
ਉਹ ਕੀ ਜਾਨਣ ਤਲੀਆਂ ਉਤੇ ਉਗ ਖਲੋਂਦੇ ਸੀਸ ਹੋ
ਵਰਮੀਆਂ ਤੇ ਵਾਸ ਜਿਸਦਾ ਨਾਗ ਤੋਂ ਡਰਿਆਂ ਨਹੀਂ
ਕਾਲਖ ਦੇ ਵਣਜਾਰਿਓ............
ਝੱਖੜਾਂ ਦੇ ਨਾਲ ਬੇਸ਼ਕ ਝੜ ਗਏ ਕੁਝ ਗੀਤ ਹੋ
ਸੰਗ ਸਿਰਾਂ ਦੇ ਸਿਦਕ ਦੀ ਓੜਕ ਨਿਭਦੀ ਪ੍ਰੀਤ ਹੋ
ਰਾਤ, ਚੰਨ ਦੀ ਮੌਤ ਜਰਲੇ ਸੂਰਗ ਕਦੇ ਜਰਿਆ ਨਹੀਂ
ਕਾਲਖ ਦੇ ਵਣਜਾਰਿਓ ਚਾਨਣ ਕਦੇ ਹਰਿਆ ਨਹੀਂ
ਓ ਕਿਰਨਾਂ ਦੇ ਕਾਤਲੋ ਸੂਰਜ ਕਦੇ ਠਰਿਆ ਨਹੀਂ। oo

## ਕੈਲੀਫੋਰਨੀਆਂ ਵਿਚ ਕੰਮ ਕਰ ਰਹੇ ਐਂਟੀ '47 ਫਰੰਟ ਵਲੋਂ ਛਾਪੇ ਗਏ ਇਕ ਪੈਂਫਲਿਟ ਦੇ ਕੁਝ ਅੰਸ਼

### ਪੰਜਾਬੀਅਤ ਦੇ ਮੁਜਰਮ ਖ਼ਾਲਸਤਾਨੀ :

ਕੌਣ ਸਨ ਜਿਨ੍ਹਾਂ ਨੇ "ਸੱਭੈ ਸਾਂਝੀਵਾਲ ਸਦਾਇਣ" ਦਾ ਹੋਕਰਾ ਦਿਤਾ ਸੀ ? ਉਹ ਕੌਣ ਸਨ ਜਿਨ੍ਹਾਂ ਦੀ "ਸਗਲ ਸੰਗ" ਬਣ ਆਈ ਸੀ ? ਅਤੇ ਪੰਜਾਬ ਵਿਚ ਉਹ ਕੌਣ ਹੈ ਜਿਹੜਾ ਸਧਾਰਣ ਤੇ ਨਿਹੱਥੇ ਲੋਕਾਂ ਨੂੰ ਸਿਰਫ ਏਸੇ ਲਈ ਅੰਨ੍ਹੇਵਾਹ ਕਤਲ ਕਰਦਾ ਜਾ ਰਿਹਾ ਹੈ ਕਿ ਕਤਲ ਹੋਣ ਵਾਲਿਆਂ ਦੀ ਸ਼ਕਲ ਸੂਰਤ ਕਾਤਲਾਂ ਤੋਂ ਜ਼ਰਾ ਵੱਖਰੀ ਕਿਉਂ ਹੈ ? ਜਾਂ ਇਨ੍ਹਾਂ ਪਸਤੌਲਾਂ ਸਟੇਨਾਂ ਵਾਲਿਆਂ ਤੋਂ ਕੋਈ ਵੱਖਰੇ ਵਿਚਾਰ ਕਿਉਂ ਰੱਖਦਾ ਹੈ ? ਠੀਕ ਹਿਟਲਰ ਵਾਂਗ ਜਿਸ ਨੇ ਹਰ ਯਹੂਦੀ ਤੇ ਹਰ ਅਸਹਿਮਤ ਜਣੇ ਦਾ ਖੁੱਲਾ ਸ਼ਿਕਾਰ ਕਰਕੇ ਸਿਰੇ ਦੇ ਘ੍ਰਿਣਤ ਰੁਝਾਨ ਫਾਸ਼ੀਵਾਦ ਦੀ ਨੀਂਹ ਰੱਖੀ ਸੀ। ਅੱਜ ਦੇ ਪੰਜਾਬ ਵਿਚ ਘੈਂਕਰੇ ਹੋਏ ਖਾਲਿਸਤਾਨੀ ਗਰੋਹ ਪਿਛੋਕੜ ਤੇ ਵਿਰਸੇ ਵਜੋਂ ਹਿਟਲਰ ਤੇ ਉਹਦੀ ਫ਼ਾਸ਼ੀ ਪਾਰਟੀ ਨਾਲ ਜ਼ਰੂਰ ਰਲਦੇ ਹਨ, ਪਰ "ਖਲਕ ਮਹਿ ਖਾਲਕ" (ਲੋਕਾਂ ਵਿਚ ਰੱਬ) ਦੇਖਣ ਵਾਲੇ ਮਹਾਨ ਸਿੱਖ ਗੁਰੂਆਂ ਨਾਲ ਇਨ੍ਹਾਂ ਦਾ ਉੱਕਾ ਹੀ ਕੋਈ ਸਰੋਕਾਰ ਨਹੀਂ।

ਸਿੱਖ ਗੁਰੂ ਸਾਹਿਬਾਂ ਨੇ ਜ਼ੁਲਮ ਵਿਰੁੱਧ ਆਵਾਜ਼ ਉਠਾਈ, ਕੁਰਬਾਨੀਆਂ ਦਿਤੀਆਂ, ਯੁੱਧ ਵੀ ਲੜੇ। ਬਾਬਾ ਬੰਦਾ ਸਿੰਘ ਬਹਾਦਰ ਤੇ ਉਨ੍ਹਾਂ ਮਗਰੋਂ ਸਿੰਘ ਦਲਾਂ, ਮਿਸਲਾਂ ਨੇ ਗੁਰੀਲਾ ਲੜਾਈ ਵੀ ਲੜੀ। ਪਰ ਉਨ੍ਹਾਂ ਦੇ ਹਥਿਆਰ ਹਮੇਸ਼ਾਂ ਜ਼ੁਲਮੀ ਰਾਜ ਸੱਤਾ ਵਿਰੁੱਧ ਉੱਠੇ। ਪੂਰੇ ਪੰਜਾਬ ਦੇ ਇਤਿਹਾਸ ਵਿਚ ਇਹ ਕਦੀ ਨਹੀਂ ਹੋਇਆ ਆਪਣੇ ਆਪ ਨੂੰ ਰਾਜ ਵਿਰੁਧ ਬਾਗੀ ਕਹਿਣ ਵਾਲੀ ਧਿਰ ਨੇ ਕਦੀ ਇਕ ਵਾਰ ਵੀ ਨਿਹੱਥੀ ਲੋਕਾਈ ਦਾ ਖੂਨ ਡੋਲ੍ਹਿਆ ਹੋਵੇ ਜਾਂ ਉਨ੍ਹਾਂ ਅਸਹਿਮਤ ਲੋਕਾਂ ਉਤੇ ਵਾਰ ਕੀਤਾ ਹੋਵੇ ਜੋ ਰਾਜ-ਮਸ਼ੀਨਰੀ ਦਾ ਅੰਗ ਨਾ ਹੋਣ।

ਗੁਰੂ ਪਰਿਵਾਰਾਂ ਵਿਚੋਂ ਹੀ ਮਿਹਰਬਾਨ ਧੂਪੀਏ, ਰਾਮਰਾਈਏ, ਧੀਰ ਮੱਲੀਏ ਆਦਿ ਅਨੇਕਾਂ ਆਪੇ ਗੱਦੀਆਂ ਸਜਾ ਕੇ ਸਿੱਖ ਗੁਰੂਆਂ ਨਾਲ ਖਹਿ ਰੱਖਦੇ ਆਏ, ਜ਼ਹਿਰ ਦੇਣ ਹਮਲੇ ਬੰਦ ਕਰਨ ਤੋਂ ਬਿਨਾਂ ਗੁਰਬਾਣੀ ਅਤੇ ਸਿੱਖੀ ਵਿਚ ਵੀ ਰਲਾ ਪਾਉਣ ਦੀਆਂ ਕਰਤੂਤਾਂ ਕਰਦੇ ਰਹੇ। ਪਰ ਗੁਰੂ ਸਾਹਿਬਾਂ ਨੇ ਉਨ੍ਹਾਂ ਨੂੰ ਸਿਰਫ ਸੰਗਤ ਵਿਚੋਂ ਛੇਕਿਆ ਹੀ, ਕਿਸੇ ਦੀ ਜਾਨ ਨਹੀਂ ਲਈ। ਏਸੇ ਮਹਾਨ ਸਹਿਣਸ਼ੀਲਤਾ, ਮਨੁੱਖੀ ਪਿਆਰ ਤੇ ਉੱਚਤਾ

ਦੀਆਂ ਪਿਰਤਾਂ ਵਾਲੀ ਸਿੱਖੀ ਵਿਚ ਉਗ ਆਈਆਂ ਖ਼ਾਲਿਸਤਾਨੀ ਕਾਗਿਆਰੀਆਂ ਨੇ ਹਜ਼ਾਰਾਂ ਨਿਹੱਥੇ ਹਿੰਦੂਆਂ, ਸੈਂਕੜੇ ਨਿਰੰਕਾਰੀਆਂ ਤੇ ਦਰਜਨਾਂ ਇਨਕਲਾਬੀ ਜ਼ਮਹੂਰੀ ਨੇਤਾਵਾਂ ਦਾ ਵਹਿਸ਼ੀਆਨਾ ਕਤਲ ਕਰ ਕੇ ਪੰਜਾਬੀ ਵਿਰਸੇ ਨੂੰ ਕਲੰਕਤ ਕਰਨ ਦਾ ਕੁਕਰਮ ਕੀਤਾ ਹੈ।

ਸਤਲੁਜ ਬਿਆਸ ਤੇ ਜਿਹਲਮ ਚਨਾਬ ਦੀ ਗੱਲ
ਰਾਵੀ ਕਰੇ ਹੁਣ ਕਿਹੜੇ ਪੰਜਾਬ ਦੀ ਗੱਲ
ਪੱਤੀ ਪੱਤੀ ਵਲੂੰਧਰੀ ਗਈ ਉਸ ਦੀ
ਸ਼ਰਫ ਕਰਦਾ ਸੀ ਜਿਹੜੇ ਗੁਲਾਬ ਦੀ ਗੱਲ

ਕੌਣ ਹਨ, ਜਿਨ੍ਹਾਂ ਸਾਡੇ ਪਿਆਰੇ ਪੰਜਾਬ ਦੇ ਲਹੂ ਵਿਚ ਵੰਡੀਆਂ ਪਾ ਦਿੱਤੀਆਂ ਹਨ ? ਕਿਸ ਦੀ ਕਰਤੂਤ ਕਾਰਨ ਅੱਜ "ਸੋਹਣਾ ਦੇਸ਼ਾਂ 'ਚੋਂ ਦੇਸ਼ ਪੰਜਾਬ, ਜਿਵੇਂ ਫੁੱਲਾਂ 'ਚੋਂ ਫੁੱਲ ਗੁਲਾਬ" ਵਾਲਾ ਗੀਤ ਹਾਸੋਹੀਣਾ ਲੱਗਦਾ ਹੈ ?

ਸਾਡੀ ਧਰਤੀ ਦੀ ਇਹ ਗਤ ਬਣਾਉਣ ਵਿਚ ਇਤਿਹਾਸ ਦੇ ਅਨੇਕਾਂ ਮੁਜਰਮਾਂ ਦਾ ਹੱਥ ਹੈ।

o ਸਭ ਤੋਂ ਵੱਡੀ ਅਪਰਾਧੀ ਹੈ ਦੇਸ਼ ਦੀ ਹਾਕਮ ਜਮਾਤ ਉਸ ਦੀ ਰਖਵਾਲ ਕਾਂਗਰਸ। ਅਪਰਾਧੀ ਹੈ ਕਾਂਗਰਸ ਦਾ ਲਗੜਦਾਦਾ ਮੋਹਨਦਾਸ ਗਾਂਧੀ, ਜਿਸ ਨੇ ਬ੍ਰਿਟਿਸ਼ ਸਾਮਰਾਜ ਵਿਰੁੱਧ ਲੋਕ ਰੋਹ ਨੂੰ "ਰਘੁਪਤ ਰਾਘਵ ਰਾਜਾ ਰਾਮ, ਪਤਿਤ ਪਾਵਨ ਸੀਤਾ ਰਾਮ" ਵਿਚ ਬਦਲ ਦੇਣ ਲਈ ਕਰਤੂਤਾਂ ਕੀਤੀਆਂ। ਨਵੇਂ ਜੁੱਗ ਵੱਲ ਵਧ ਰਹੇ ਲੋਕਾਂ ਨੂੰ ਪਿੱਛੇ ਵੱਲ ਮੋੜਾ ਦੇਣ ਲਈ ਹਜ਼ਾਰਾਂ ਸਾਲ ਪੁਰਾਣੇ ਆਰਥਕ ਪ੍ਰਬੰਧ 'ਰਾਮ ਰਾਜ' ਦਾ ਨਾਹਰਾ ਲਾਇਆ, ਨਕਸ਼ਾ ਉਭਾਰਿਆ।

o ਅਪਰਾਧੀ ਹੈ ਗੋ-ਵਰਧਨ ਦਾਸ ਘਣਸ਼ਾਮਦਾਸ ਬਿਰਲਾ ਤੇ ਉਹਦੇ ਭਾਈਬੰਦ ਜਿਨ੍ਹਾਂ ਲੰਮੀਆਂ ਸੋਚ ਕੇ ਧਰਮ ਅਸਥਾਨਾਂ, ਮਜ਼ਬੀ ਸੰਸਥਾਵਾਂ ਤੇ ਜਨੂੰਨ ਨੂੰ ਪਾਲਣ ਲਈ ਹਮੇਸ਼ਾਂ ਤਿਜੌਰੀਆਂ ਦੇ ਮੂੰਹ ਖੋਹਲੀ ਰੱਖੇ ਤਾਂ ਜੋ ਪੁਰਾਣੇ ਜਗੀਰੂ ਜ਼ਮਾਨਿਆਂ ਦੇ ਰਹਿਣ ਸਹਿਣ ਅਤੇ ਤੌਰ ਤਰੀਕੇ ਜਨਤਾ ਦੇ ਮਨਾਂ ਉਤੇ ਛਾਏ ਰਹਿਣ ਅਤੇ ਆਧੁਨਿਕ ਵਿਗਿਆਨਕ ਜੁੱਗ ਦੇ ਫਲਸਫੇ ਲੋਕ ਜੀਵਨ ਦਾ ਅੰਗ ਨਾ ਬਣ ਸਕਣ। ਚੇਤੇ ਰਹੇ ਕਿ ਜਨੂੰਨ ਖਿਲਾਰਦਾ ਗਾਂਧੀ ਬਿਰਲਾ ਮੰਦਰ ਵਿਚ ਹੀ ਇਕ ਹੋਰ ਜਨੂੰਨੀ ਹੱਥੋਂ ਫੁੰਡਿਆ ਗਿਆ।

o ਅਪਰਾਧੀ ਹੈ 1947 ਤੋਂ ਬਾਦ ਬਣਨ ਵਾਲੀ ਭਾਰਤੀ ਸਰਕਾਰ ਜਿਸ ਨੇ 'ਧਰਮ ਨਿਰਪੱਖ ਰਾਜ' ਦੇ ਅਸਲ ਮਾਅਨੇ (ਕਿ ਸਰਕਾਰ ਧਰਮਾਂ ਤੋਂ ਪਰੇ ਰਹੇਗੀ) ਕੱਢਣ ਦੀ ਥਾਂ ਇਹ ਮਾਅਨੇ ਕੱਢੇ ਕਿ ਸਰਕਾਰ ਸਾਰੇ ਧਰਮਾਂ ਨੂੰ ਵਧਣ ਫੁੱਲਣ ਵਿਚ ਸਹਾਈ ਹੋਵੇਗੀ। ਸੱਭ ਤੋਂ ਵੱਧ ਗਿਣਤੀ ਲੋਕ ਹਿੰਦੂ ਧਰਮ ਨੂੰ ਮੰਨਦੇ ਹੋਣ ਕਾਰਨ ਕੁਦਰਤੀ ਹੀ ਸੀ ਵੋਟ ਗਿਣਤੀ ਮਿਣਤੀ ਲਈ ਹਿੰਦੂ ਧਰਮ ਸਰਕਾਰਾਂ ਦੀ ਵੱਧ ਟੇਕ ਬਣਦਾ।

o ਅਪਰਾਧੀ ਹਨ, ਆਰ. ਐਸ. ਐਸ., ਸ਼ਿਵ ਸੈਨਾ, ਸ਼ਿਵ ਸ਼ਕਤੀ ਦਲ, ਆਰੀਆ ਵੀਰ ਦਲ, ਧਾਰਮਕ ਰਖਸ਼ਾ ਸੰਮਤੀ, ਬਜਰੰਗ ਬਰਗੇਡ ਆਦਿ ਜਨੂੰਨੀ ਹਿੰਦੂ ਸੰਗਠਨਾਂ ਦੇ ਸੰਚਾਲਕ ਜਿਨ੍ਹਾਂ ਅਖੰਡ ਭਾਰਤ ਦੇ ਨਾਂ ਹੇਠ 'ਹਿੰਦੂ ਸਾਮਰਾਜ' ਉਸਾਰਨ ਦੀ ਕਰੁਖੀ ਬਿਰਤੀ ਨੂੰ ਪੱਠੇ ਪਾਉਣ ਤੇ ਫਿਰਕੂ ਹਨੇਰੀ ਝੁਲਾਉਣ ਵਿਚ ਸਿੱਧੀ ਅਸਿੱਧੀ ਕਾਂਗਰਸ ਦੀ ਸਹਾਇਤਾ ਕੀਤੀ।

o ਅਪਰਾਧੀ ਹੈ ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਦਾ ਵਿਗਾੜਿਆ ਹੋਇਆ ਸੋਚ ਪ੍ਰਬੰਧ ਜਿਸ ਨੇ "ਗਰੀਬੀ ਹਟਾਓ", "ਸਮਾਜਵਾਦ ਲਿਆਓ", "ਗਵਾਂਢੀ ਮੁਲਕਾਂ ਨੂੰ ਢਾਓ" ਆਦਿ ਨਾਹਰਿਆਂ ਦਾ ਹੀਜ ਪਿਆਜ ਖੁੱਲਦਾ ਤੇ ਅਸਰ ਮੁੱਕਦਾ ਦੇਖ ਕੇ ਚੋਣਾਂ ਜਿੱਤਣ ਲਈ ਨਵਾਂ ਢੰਗ ਇਹ ਅਪਣਾ ਲਿਆ :

ਵੋਟਰਾਂ ਦੇ ਸਾਰੇ ਧਰਮਾਂ ਨੂੰ ਮੁੜ ਸੁਰਜੀਤੀਵਾਦ ਪੜਾਓ
ਘੱਟ ਗਿਣਤੀ ਦੇ ਧਰਮਾਂ ਮੂਹਰੇ
ਹਿੰਦੂ ਧਰਮ ਨੂੰ ਬਾਘ ਦਿਖਾਓ
ਖ਼ਤਰਿਆਂ ਵਾਲਾ ਬਿਗਲ ਵਜਾਓ।
ਲੋਕਾਂ ਵਿਚ ਘਮਸਾਣ ਮਚਾਓ,
ਦੱਬ ਕੇ ਪਾਲੋ ਬਲੀ ਦੇ ਬੱਕਰੇ,
ਲੋੜ ਪੈਣ ਤੇ ਫੜ ਝਟਕਾਓ
ਝਟਕਾ ਕਰ ਕੇ ਬਾਹਲੀਆਂ ਵੋਟਾਂ ਵਾਲੇ
ਧਰਮ 'ਚ ਪੈਂਠ ਬਣਾਓ
ਵੋਟਾਂ ਦੀ ਇਸ ਖੂਨੀ ਖੇਡ 'ਚ
ਸਾਰੇ ਦੇਸ਼ ਦੀ ਬਲੀ ਚੜ੍ਹਾਓ।
ਆਪਣੀ ਜੈ ਜੈ ਕਾਰ ਕਰਾਓ
ਅਗਲੇ ਹੋਰ ਕਈ ਸਾਲਾਂ ਲਈ
ਜਨਤਾ ਉਤੇ ਕਾਠੀ ਪਾਓ।
ਗੱਦੀ ਤੋਂ ਨਿਸਚਿੰਤ ਹੋ ਜਾਓ

o ਅਪਰਾਧੀ ਹੈ ਭਿੰਡਰਾਂ ਵਾਲਾ ਜਰਨੈਲ ਸਿੰਘ ਜਿਸ ਕੋਲ ਸਿਆਸਤ ਨੂੰ ਸਮਝਣ ਜੋਗੀ ਬੁੱਧ ਨਹੀਂ ਸੀ ਤੇ ਬਣ ਬੈਠਾ ਸਿਆਸੀ ਲੀਡਰ। ਜਿਸ ਨੇ ਸਮਗਲਰਾਂ, ਚੌਧਰ ਭੁੱਖਿਆਂ ਤੇ ਖਚਰੇ ਸਲਾਹਕਾਰਾਂ ਤੋਂ ਸੁਣ ਸੁਣਾ ਕੇ ਸਿੱਖ ਧਰਮ ਨੂੰ ਖਤਰੇ ਦੀਆਂ ਥੋਥੀਆਂ ਦਲੀਲਾਂ ਦੇ ਦੇ ਜ਼ਹਿਰੀਲੇ ਪ੍ਰਚਾਰ ਨਾਲ ਪੰਜਾਬ ਨੂੰ ਧੂੰਆਂ ਧਾਰ ਕਰ ਦਿਤਾ। ਜਿਸ ਦੇ ਭਾਸ਼ਣਾਂ ਵਿਚ ਗੁਰਬਾਣੀ ਕਿਤੇ ਨਹੀਂ ਸੁਣਦੀ, ਬੱਸ ਸਿੱਖ ਇਤਿਹਾਸ ਦੀਆਂ ਮੋਟੀਆਂ ਤੇ ਇਕ ਪਾਸੜ ਮਿਸਾਲਾਂ ਗਲਤ ਪ੍ਰਸੰਗ ਨਾਲ ਭੁਗਤਾਈਆਂ ਗਈਆਂ। ਜਿਸ ਨੇ ਸੁੱਤੀ ਕੌਮ ਜਗਾਈ ਨਹੀਂ ਮਟਵਾਈ

ਹੈ। ਜਿਸ ਨੂੰ ਮਿਲਟਰੀ ਪੈਂਤੜੇ, ਦੁਸ਼ਮਣ ਦੀ ਤਾਕਤ ਤੋਲਣ, ਆਪਣੇ ਪਰਾਏ 'ਚ ਨਿਖੇੜਾ ਕਰਨ ਆਦ ਦੀ ਸੋਝੀ ਤਾਂ ਕੀ ਹੋਣੀ ਸੀ, ਸਿੱਖ ਧਰਮ ਦੀ ਵਿਸ਼ਾਲਤਾ ਦਾ ਵੀ ਇਲਮ ਨਹੀਂ ਸੀ।

o ਅਪਰਾਧੀ ਨੇ (ਸਾਰੀਆਂ ਸ਼ਾਖਾ ਸਣੇ) ਅਕਾਲੀ ਦਲ ਦੇ ਸਰਗਣੇ ਮੁਗੱਲ ਜਿਨ੍ਹਾਂ ਵੋਟਾਂ ਦੀ ਕੁੱਤੇ ਘੜੀਸ ਵਿਚ ਕਾਂਗਰਸ ਤੋਂ 'ਸ਼ਿਕਾਰ' ਖੋਂਹਦਿਆਂ ਵਿਚਾਰੇ ਸ਼ਿਕਾਰ ਨੂੰ ਅੱਧੋ ਵਿਚ ਪਾੜ ਦਿੱਤਾ। ਜਿਸ ਨੇ ਪੰਜਾਬ ਵਿਚ ਸਿੱਖ ਵੋਟਾਂ ਲਈ ਉਹੀ ਨਰਦਾਂ ਖੇਡੀਆਂ ਜਿਹੜੀਆਂ ਹਿੰਦੂ ਵੋਟਾਂ ਲਈ ਕਾਂਗਰਸ ਭਾਰਤ ਦੇ ਦੂਜੇ ਸੂਬਿਆਂ ਵਿਚ ਖੇਡ ਰਹੀ ਸੀ। ਅਕਾਲੀ ਲੀਡਰਸ਼ਿੱਪ ਜਿਸਨੇ ਪੰਜਾਬ ਦੀ ਕਿਸਾਨੀ ਨੂੰ ਵਰਗਲਾਉਣ ਲਈ ਰੱਖੀਆਂ ਨਹਿਰ ਰੋਕੂ, ਪਾਣੀ ਤੇ ਜਿਣਸੀ ਕੀਮਤਾਂ ਆਦ ਮੰਗਾਂ ਦੇ ਚਲਾਵੇਂ ਮੋਰਚੇ ਨੂੰ ਵੇਲਾ ਦੇਖ ਕੇ ਭਿੰਡਰਾਂ ਵਾਲੇ ਦੇ 'ਧਰਮ ਖ਼ਤਰੇ ਵਿਚ' ਵਾਲੇ ਮੋਰਚੇ ਵਿਚ ਰਲਾ ਦਿਤਾ ਤਾਂ ਜੋ ਸਾਧ ਨੂੰ ਚਾਬਕ ਤੋਰ ਤੇ ਵਰਤਿਆ ਜਾ ਸਕੇ। ਸਾਧ ਦੇ ਬੁਸ਼ਕਾਰੇ ਹੋਏ ਟੋਲਿਆਂ ਵੱਲੋਂ ਜਦ ਸਾਧਾਰਣ ਗ਼ੈਰ-ਸਿੱਖ ਲੋਕਾਂ ਦਾ ਖ਼ੂਨ ਵਹਾਇਆ ਜਾ ਰਿਹਾ ਸੀ ਤਾਂ ਸ ਰੇ ਅਕਾਲੀ ਸਰ-ਗਣਿਆਂ ਨੇ ਅੱਖਾਂ ਮੀਟੀ ਰੱਖੀਆਂ। ਪਰ ਜਦ ਉਹੀ ਚਾਬਕ ਆਪਣੇ ਤੇ ਹੀ ਵ੍ਹਰਦਾ ਦੇਖਿਆ ਤਾਂ ਕੇਂਦਰ ਨੂੰ ਸੱਦਾ ਦੇ ਕੇ ਅਕਾਲ ਤਖ਼ਤ ਸਾਹਬ ਉਤੇ ਫੌਜੀ ਧਾੜ ਪਵਾ ਦਿਤੀ। ਸਦਾ ਲਈ ਅਕਾਲੀ ਸਰਕਾਰ ਬਣੀ ਰਹਿਣ ਦੇ ਸੁਫਨੇ ਨੂੰ ਅਕਾਲੀ ਲੀਡਰ ਪੰਜਾਬੀ ਲੋਕਾਂ ਦੇ ਖ਼ੂਨ ਨਾਲ ਸਿੰਜ ਕੇ ਪਾਲ ਰਹੇ ਹਨ।

o ਅਪਰਾਧੀ ਹੈ ਪੰਜਾਬ ਦਾ ਸੱਭ ਤੋਂ ਵੱਡਾ ਜਗੀਰਦਾਰ ਤੇ ਟ੍ਰਾਂਸਪੋਟਰ ਬਾਦਲ ਜਿਹੜਾ ਗੱਦੀ ਲਈ ਕੁੱਤੇ ਲਾਲ੍ਹਾਂ ਸੁੱਟਦਾ ਹੋਇਆ ਇਕ ਪਾਸੇ ਅੰਦਰਖਾਤੇ ਕੇਂਦਰ ਨਾਲ ਸੌਦੇਬਾਜ਼ੀ ਚਲਾ ਰਿਹਾ ਹੈ, ਦੂਜੇ ਪਾਸੇ ਪੰਜਾਬ ਦੀ ਜਵਾਨੀ ਨੂੰ ਗੁੰਮਰਾਹ ਕਰਕੇ ਆਵਦੇ ਹਿੱਤ ਵਿਚ ਵਰਤਣ ਲਈ ਖਾਲਸਤਾਨੀ ਕਾਤਲ ਗਰੋਹਾਂ ਨੂੰ 'ਸਿੱਖ ਸੂਰਮੇ' ਤੇ 'ਸ਼ਹੀਦ' ਆਦ ਫਤਵੇ ਦੇ ਰਿਹਾ ਹੈ। ਇਹ ਰਾਖਸ਼ ਸ਼ੁਰੂ ਤੋਂ ਹੀ ਪੰਜਾਬੀ ਨੌਜਵਾਨਾਂ ਦੇ ਖ਼ੂਨ ਦਾ ਪਿਆਸਾ ਹੈ। ਗੱਦੀ ਤੇ ਬਹਿ ਕੇ ਵੀ ਕਤਲ ਕਰਦਾ ਹੈ, ਗੱਦੀਓਂ ਲਹਿ ਕੇ ਵੀ ਕਤਲ ਹੀ ਕਰਵਾਉਂਦਾ ਹੈ।

o ਅਪਰਾਧੀ ਹਨ ਪੰਜਾਬੀ ਸਮਾਜ ਦੇ ਛਟੇ ਹੋਏ ਗੁੰਡਾ ਗਰੋਹ ਜੋ ਹਮੇਸ਼ਾਂ ਤੋਂ ਲੁੱਟ ਖੋਹ, ਮਾਰਧਾੜ, ਸਮਗਲਿੰਗ ਤੇ ਭਾੜੇ ਦੀਆਂ ਕਬਜ਼ਾ ਦਿਵਾਊ ਮੁਹਿੰਮਾਂ ਵਿਚ ਹੱਥ ਰੰਗਦੇ ਆਏ ਹਨ ਪਰ ਪੰਜਾਬ 'ਚ ਲੱਗੀ ਅੱਗ ਦਾ ਲਾਭ ਉਠਾ ਕੇ ਆਪਣੇ ਆਪ ਨੂੰ ਖਾਲਸਤਾਨੀ ਮੁਕਤੀ ਫੌਜ ਦੇ ਕਮਾਂਡਰ ਐਲਾਨੀ ਜਾ ਰਹੇ ਹਨ। ਨਿਹੱਥੇ ਤੇ ਕੰਮਕਾਰੀ ਆਮ ਲੋਕਾਂ ਨੂੰ ਕਤਲ ਕਰਕੇ ਇਹ ਸ਼ੇਖਚਿਲੀ ਹਥਿਆਰਾਂ ਦੇ ਸਿਰ ਤੇ ਸੂਰਮੇ ਬਣੇ ਫਿਰਦੇ ਹਨ। ਇਹ ਸਾਰੀ ਘ੍ਰਿਣਤ ਲਗੌੜ ਅੱਜ ਕੱਲ ਦਾਹੜੇ ਪ੍ਰਕਾਸ਼ ਕੇ ਸਿੱਖਾਂ ਵਰਗੀ ਬਣੀ ਫ਼ਿਰਦੀ ਹੈ।

o ਅਪਰਾਧੀ ਹਨ ਫ਼ਿਰਕੂ ਨਫ਼ਰਤ ਦੇ ਧੌਂਕਣੀ-ਬਾਜ਼ ਲਾਲਾ ਜਗਤ ਨਰਾਇਣ, ਸਾਧੂ ਸਿੰਘ ਹਮਦਰਦ, ਵਰਿੰਦਰ ਮਹਾਸ਼ੇ, ਤਰਸੇਮ ਪੁਰੇਵਾਲ ਤੇ ਤਾਰਾ ਸਿੰਘ ਹੇਅਰ ਵਰਗੇ ਸਵਾਰਥੀ ਪੱਤਰਕਾਰ ਜੋ ਆਪਣੇ ਵਿਉਪਾਰ ਦੀ ਹੋਲੀ ਨੂੰ ਪੰਜਾਬੀ ਲੋਕਾਂ ਦੇ ਘਰਬਾਰ ਫੂਕ ਕੇ ਮਘਾਉਣ ਦਾ ਕੁਕਰਮ ਕਰਦੇ ਆਏ ਹਨ।

o ਤੇ ਅਖੀਰ ਵਿਚ ਅਪਰਾਧੀ ਹਾਂ ਅਸੀਂ ਸਾਰੇ ਜਿਨ੍ਹਾਂ ਆਪਣੇ ਨਿੱਕੇ ਨਿੱਕੇ ਸੁੱਖਾਂ ਕਾਰਨ 'ਚੁੱਪ ਭਲੀ' ਦੇ ਮੁਹਾਵਰੇ ਤੇ ਅਮਲ ਕਰਦਿਆਂ ਹਨੇਰੇ ਨਾਲ ਸਮਝੌਤਾ ਕਰ ਲਿਆ। ਜੋ ਹੌਲੀ ਹੌਲੀ ਹਨੇਰੇ ਤੋਂ ਏਨਾ ਜ਼ਿਆਦਾ ਜਰਕਣ ਲੱਗ ਪਏ ਕਿ ਆਪਣੇ ਦਿਲਾਂ ਉਤੇ ਹਨੇਰੇ ਦੀ ਹਕੂਮਤ ਕਬੂਲ ਕਰ ਲਈ।

ਮਨੁੱਖੀ ਮਨਾਂ ਨੂੰ ਧੂੜ ਤੇ ਧੂੰਏਂ ਨਾਲ ਬੇ-ਨਕਸ਼ ਕਰਨ ਵਾਲੀ ਫ਼ਿਰਕੂ ਹਨੇਰੀ ਵਿਰੁੱਧ ਲੋਕ ਰਾਇ ਨੂੰ ਉਭਾਰਨ ਤੇ ਲਾਮਬੰਦ ਕਰਨ ਲਈ ਅਸੀਂ ਇਸ ਪਰਚੇ ਵਿਚ ਦਿਤੀ ਅਪਰਾਧੀ ਲਿਸਟ ਨਾਲ ਸਹਿਮਤ ਤੇ ਫ਼ਿਰਕਾ ਪ੍ਰਸਤੀ ਨੂੰ ਪਹਿਲ ਪ੍ਰਿਥਮੇ ਕਾਰਜ ਵਜੋਂ ਲੈਣ ਵਾਲਿਆਂ ਨੂੰ ਸੰਪਰਕ ਕਰਨ ਦੀ ਮਣਸ਼ਾ ਰੱਖਦੇ ਹਾਂ। ANTI-47 FRONT ਖੁੱਲਾ ਸੱਦਾ ਦਿੰਦਾ ਹੈ :

o ਹਰੇਕ ਗ਼ੈਰ-ਫ਼ਿਰਕੂ ਜਣੇ ਨੂੰ ਜੋ ਹਿੰਦੂ ਸ਼ਾਵਨਵਾਦ ਤੇ ਖ਼ਾਲਸਤਾਨੀ ਕਾਂਗ ਨੂੰ ਨਕਾਰਦਾ ਹੈ।

o ਹਰੇਕ ਜਮਹੂਰੀ ਗੁੱਟ ਤੇ ਜੱਥੇਬੰਦੀ ਨੂੰ ਜੋ ਉਪਰੋਕਤ ਦਿਸ਼ਾ ਵਿਚ ਆਪਣੇ ਰੋਲ ਦਾ ਮਹੱਤਵ ਪਛਾਣਦੇ ਹਨ।

o ਜਮਹੂਰੀ ਸੋਚ ਨਾਲ ਵਾਸਤਾ ਰੱਖਣ ਵਾਲੇ ਸਮੂਹ ਪੰਜਾਬੀ ਅਖਬਾਰਾਂ ਤੇ ਰਸਾਲਿਆਂ ਨੂੰ ਜੋ (ਸੀਮਤ ਹੀ ਸਹੀ) ਫ਼ਿਰਕਾ ਪ੍ਰਸਤੀ ਦਾ ਵਿਰੋਧ ਕਰਦੇ ਆਏ ਹਨ।

o ਅਗਾਂਹ ਵਧੂ ਬੁੱਧੀਜੀਵੀਆਂ ਤੇ ਪ੍ਰਤੀਬੱਧ ਲੇਖਕਾਂ ਨੂੰ ਜੋ ਪਲੇਟਫਾਰਮ ਦੀ ਰੜਕਈ ਘਾਟ ਕਾਰਨ ਸਿੱਧੇ ਵਿਰੋਧ ਵਿਚ ਨਿੱਤਰਨੋਂ ਜੱਕਾ ਤੱਕੀ ਵਿਚ ਰਹੇ ਹਨ।

o ਸਮੂਹ ਸੱਚੇ ਸਿੱਖਾਂ ਅਤੇ ਗੁਰੂ ਘਰਾਂ ਦੇ ਪ੍ਰਬੰਧਕਾਂ ਨੂੰ ਜੋ ਜਨੂੰਨੀਆਂ ਦੇ ਭੜਕਾਵੇ ਜਾਂ ਦਾਬੇ ਵਿਚ ਆ ਕੇ ਸਿੱਖ ਧਰਮ ਦਾ ਅਸਲੀ ਪੱਖ ਨਹੀਂ ਉਭਾਰ ਸਕੇ।

o ਹਰ ਉਸ ਭਾਰਤੀ ਨੂੰ ਜਿਸ ਦਾ ਪਰਿਵਾਰ, ਰਿਸ਼ਤੇ-ਦਾਰ ਜਾਂ ਦੋਸਤ ਮਿੱਤਰ ਦੇਸ਼ ਵਿਚ ਲੱਗੀ ਫ਼ਿਰਕੂ ਅੱਗ ਦੀ ਲਪੇਟ ਵਿਚ ਹੋਵੇ ਜਾਂ ਆਉਣ ਦਾ ਖ਼ਤਰਾ ਹੋਵੇ।

ਆਪਾਂ ਇਕ ਨਹੀਂ, ਹਜ਼ਾਰਾਂ ਢੰਗਾਂ ਨਾਲ ਇਸ

ਅੱਗ ਨੂੰ ਬੁਝਾਉਣ ਦੇ ਯਤਨਾਂ ਵਿਚ ਹਿੱਸਾ ਪਾ ਸਕਦੇ ਹਾਂ। ਆਓ ਸਾਰੇ ਮਿਲ ਕੇ ਫਿਰਕੂ ਜਨੂੰਨੀਆਂ ਦੀ ਅਪ-ਵਿੱਤਰ ਸਜ਼ਿਸ਼ ਨੂੰ ਪਛਾੜਦੇ ਹੋਏ ਸਾਂਝੇ ਤੇ ਜਮਹੂਰੀ ਪੰਜਾਬ ਦਾ ਮੁਹਾਂਦਰਾ ਘੜਨ ਵਿਚ ਹਿੱਸਾ ਪਾਈਏ।

ਐਂਟੀ ਫੋਰਟੀ ਸੈਵਨ ਫਰੰਟ ਸੱਭ ਵਿਅਕਤੀ ਵਿਸ਼ੇਸ਼ਾਂ ਅਤੇ ਸੰਸਥਾਵਾਂ ਤੋਂ ਭਰਵੇਂ ਹੁੰਗਾਰੇ ਦੀ ਆਸ ਰੱਖਦਾ ਹੈ।

## ਟਰੇਡਯੂਨੀਅਨਿਜ਼ਮ ਦੀ ਖਾਲਿਸਤਾਨੀ ਵੰਨਗੀ

**ਨਰਿੰਦਰ ਜੀਤ**

ਪੰਜਾਬ ਵਿਚ ਆਪਣੀ ਪਾਰਟੀ ਦੀ ਸਰਕਾਰ ਬਣ ਜਾਣ ਤੋਂ ਬਾਦ ਅਕਾਲੀ ਪਾਰਟੀ ਨੂੰ ਸਨਅਤੀ ਮਜ਼ਦੂਰਾਂ ਵਿੱਚ ਵੀ ਆਪਣਾ ਆਧਾਰ ਕਾਇਮ ਕਰਨ ਦਾ ਫੁਰਨਾਂ ਫੁਰਿਆ। ਇਸੇ ਕੰਮ ਦੇ ਹਿਸੇ ਵਜੋਂ 19 ਜਨਵਰੀ 1986 ਨੂੰ ਅਕਾਲੀ ਐਮ. ਪੀ. ਤਰਲੋਚਨ ਸਿੰਘ ਵਾਲੀਆ ਬਠਿੰਡੇ ਦੀ ਧਾਗਾ ਮਿੱਲ ਦੇ ਗੇਟ ਤੇ ਅਕਾਲੀ ਦਲ ਦਾ ਕੇਸਰੀ ਨਿਸ਼ਾਨ ਝੁਲਾਉਣ ਅਤੇ 'ਮਜ਼ਦੂਰ ਦਲ' ਦੀ ਸਥਾਪਨਾਂ ਦਾ ਐਲਾਨ ਕਰਨ ਲਈ ਆ ਧਮਕਿਆ। ਉਸੇ ਦਿਨ ਮਿੱਲ ਗੇਟ ਤੇ ਏਟਕ ਨਾਲ ਸੰਬੰਧਤ, ਉਥੋਂ ਦੀ ਇਕੋ ਇਕ ਯੂਨੀਅਨ, ਸੰਧਵਾਂ ਧਾਗਾ ਮਿਲ ਦੇ ਹੜਤਾਲੀ ਕਾਮਿਆਂ ਦੀ ਹਮਾਇਤ ਤੇ ਧਰਨਾਂ ਲਾਈ ਬੈਠੀ ਸੀ। ਭਾਵੇਂ ਮਿੱਲ ਦਾ ਦੂਜਾ ਗੇਟ ਖਾਲੀ ਪਿਆ ਸੀ ਪਰ ਅਕਾਲੀ ਆਗੂਆਂ ਨੇ ਆਪਣਾ ਪ੍ਰੋਗਰਾਮ ਉਸੇ ਥਾਂ ਤੇ ਕਰਨ ਦਾ ਫੈਸਲਾ ਕਰ ਲਿਆ ਜਿਥੇ ਧਰਨਾਂ ਚੱਲ ਰਿਹਾ ਸੀ। ਪੁਲਸੀ ਧਾੜਾਂ ਜੋ ਉਨ੍ਹਾਂ ਦੇ ਨਾਲ ਸਨ, ਨੇ ਮਜ਼ਦੂਰਾਂ ਨੂੰ ਧਰਨਾਂ ਚੁੱਕਣ ਦਾ ਹੁਕਮ ਦੇ ਦਿੱਤਾ। ਜਦੋਂ ਉਨ੍ਹਾਂ ਨਾਂਹ ਕੀਤੀ ਤਾਂ ਵਾਲੀਏ ਨੇ ਖੁਦ ਹੁਕਮ ਦੇਕੇ ਪੁਲਸ ਤੋਂ ਲਾਠੀਚਾਰਜ ਕਰਵਾਇਆ। ਬਾਦ ਵਿਚ ਸ਼ਹਿਰ ਦੀਆਂ ਅੱਡ ਅੱਡ ਮੁਲਾਜ਼ਮ ਜਥੇਬੰਦੀਆਂ ਦੇ 15 ਆਗੂਆਂ ਤੇ ਇਰਾਦਾ ਕਤਲ ਦੇ ਕੇਸ ਮੜ੍ਹ ਦਿਤੇ ਜੋ ਅਜੇ ਵੀ ਚੱਲ ਰਹੇ ਹਨ।

ਅਕਾਲੀ ਦਲ 'ਚ ਫੁੱਟ ਪੈਣ ਤੋਂ ਬਾਦ ਕਰਮ-ਚਾਰੀ ਦਲ ਦਾ ਧਾਗਾ ਫੈਕਟਰੀ ਵਾਲਾ ਯੂਨਿਟ ਵਾਲੀਏ ਨੂੰ ਛੱਡ ਕੇ ਬਾਬਾ ਅਕਾਲੀ ਦਲ 'ਚ ਜਾ ਸ਼ਾਮਲ ਹੋਇਆ। 9 ਮਹੀਨਿਆਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਮਿੱਲ ਦੇ 2000 ਮਜ਼ਦੂਰਾਂ ਚੋਂ ਦਲ ਨਾਲ 100 ਕੁ ਹੀ ਮਸਾਂ ਰਲੇ। ਅਕਤੂਬਰ ਦੇ ਮਹੀਨੇ ਸਥਾਨਕ ਹਾਜੀ ਰਤਨ ਗੁਰਦੁਆਰੇ 'ਚ ਬਾਬਾ ਅਕਾਲੀ ਦਲ ਦੀ ਕਾਨਫਰੰਸ ਸਮੇਂ ਅਕਾਲੀ ਆਗੂ ਹਰਬੰਸ ਸਿੰਘ ਜਲਾਲ ਨੇ ਧਾਗਾ ਮਿੱਲ ਬਾਰੇ ਇਕ ਮਤਾ ਪੇਸ਼ ਕੀਤਾ ਜਿਸ ਵਿਚ ਕਿਹਾ ਗਿਆ ਕਿ ਮਿੱਲ ਦਾ ਮਾਲਕ "ਹਿੰਦੂ ਲਾਲਾ," 'ਕਮਿਊ-ਨਿਸਟਾਂ-ਜੋ ਧਰਮ ਵਿਰੋਧੀ ਅਤੇ ਇਸ ਲਈ ਸਿਖ ਵਿਰੋਧੀ ਹਨ-ਨਾਲ ਮਿੱਲ ਕੇ, ਸਿੱਖਾਂ ਦੀ ਜਥੇਬੰਦੀ-ਕਰਮਚਾਰੀ ਦਲ' ਤੇ ਜਬਰ ਕਰ ਰਿਹਾ ਹੈ। ਮਤੇ ਵਿਚ ਮਿੱਲ ਦੀ ਮੈਨੇਜਮੈਂਟ ਨੂੰ ਹੁਕਮ ਦਿਤਾ ਗਿਆ ਕਿ ਉਹ ਤੁਰੰਤ ਬਾਬਾ ਅਕਾਲੀ ਦਲ ਦੇ ਆਗੂਆਂ ਨਾਲ ਸੰਪਰਕ ਕਰਕੇ ਝਗੜੇ ਦਾ ਫੈਸਲਾ ਕਰੇ। ਇਸ ਮਤੇ ਤੇ ਜੋ ਸਰਵ ਸੰਮਤੀ ਨਾਲ ਪਾਸ ਹੋਇਆ, ਬੋਲਦਿਆਂ AISSF ਦੇ ਜ਼ਿਲਾ ਕਨਵੀਨਰ ਸੁਬੇਗ ਸਿੰਘ ਨੇ ਕਮਿਊਨਿਸਟਾਂ ਦੀ ਯੂਨੀਅਨ ਦੇ ਆਗੂਆਂ ਨਾਲ "ਸਿੱਝਿਆ" ਜਾਵੇਗਾ। ਇਹ ਧਮਕੀ ਪ੍ਰੈਸ ਨੋਟ ਵਜੋਂ 17 ਅਕਤੂਬਰ ਦੇ 'ਅਕਾਲੀ-ਪਤਰਿਕਾ' 'ਚ ਛਪੀ।

ਅਗਲੀ ਸਵੇਰ ਹੀ ਬਾਬਾ ਅਕਾਲੀ ਦਲ ਅਤੇ AISSF ਦੇ ਜ਼ਿਲਾ ਕਨਵੀਨਰਾਂ ਨੇ ਮਿੱਲ ਗੇਟ ਤੇ ਜਾ ਕੇ ਹੜਤਾਲ ਦਾ ਐਲਾਨ ਕਰ ਦਿਤਾ। ਉਨ੍ਹਾਂ ਵਲੋਂ ਰੱਖੀਆਂ ਗਈਆਂ ਮੰਗਾਂ ਸਨ-ਕਰਮਚਾਰੀ ਦਲ ਨੂੰ ਮਾਨਤਾ, 20% ਬੋਨਸ, ਤਨਖਾਹਾਂ 'ਚ 25% ਵਾਧਾ, ਮਕਾਨ ਕਿਰਾਇਆ ਭੱਤਾ ਆਦਿ। ਇਸ ਗੱਲ ਦੇ ਬਾਵਜੂਦ ਵੀ ਕਿ ਇਹ ਮੰਗਾਂ ਬਹੁਤ ਦਿਲ-ਖਿੱਚਵੀਆਂ ਹਨ ਅਤੇ ਦੂਜੇ ਪਾਸੇ ਏਟਕ ਨਾਲ ਸੰਬੰਧਤ ਯੂਨੀਅਨ ਨੇ ਸਿਰਫ 8.33% ਬੋਨਸ ਦੀ ਮੰਗ ਹੀ ਰਖੀ ਸੀ ਅਤੇ ਅਗਲੇ ਸਾਲ ਤੱਕ ਮਿੱਲ ਦੀ ਮੈਨੇਜਮੈਂਟ ਨਾਲ ਕੋਈ ਵੀ ਆਰਥਿਕ ਮੰਗ ਨਾਂ ਉਠਾਉਣ ਦਾ ਲਿਖਤੀ ਸਮਝੌਤਾ ਕੀਤਾ ਹੋਇਆ ਹੈ, ਪ੍ਰੰਤੂ ਫਿਰ ਵੀ ਮਜ਼ਦੂਰਾਂ ਨੇ ਦਲ ਦੀ ਹੜਤਾਲ ਨੂੰ ਕੋਈ ਹੁੰਘਾਰਾ ਨਾ ਦਿੱਤਾ। 19 ਅਕਤੂਬਰ ਨੂੰ ਜਦੋਂ ਧਾਗਾ ਮਿੱਲ ਮਜ਼ਦੂਰ ਯੂਨੀਅਨ ਵਲੋਂ ਗੇਟ ਤੇ ਰੈਲੀ ਕੀਤੀ ਜਾ ਰਹੀ ਸੀ ਤਾਂ ਇਹ ਖਾਲਿਸਤਾਨੀ ਦਹਿਸ਼ਤ ਪਾਉਣ ਲਈ ਇਕ ਜੀਪ ਅਤੇ ਮੋਟਰ ਸਾਈਕਲਾਂ ਤੇ ਸਵਾਰ ਅਤੇ ਰਵਾਇਤੀ ਹਥਿਆਰਾਂ ਨਾਲ ਲੈਸ ਹੋ ਕੇ ਉਥੇ ਆ ਧਮਕੇ ਅਤੇ ਰੈਲੀ ਖਤਮ ਹੋਣ ਤੋਂ ਬਾਦ ਮਜ਼ਦੂਰ ਆਗੂਆਂ ਤੇ ਝਪਟ ਪਏ ਪ੍ਰੰਤੂ ਹਾਜ਼ਰ ਮਜ਼ਦੂਰਾਂ ਨੇ ਉਨ੍ਹਾਂ ਨੂੰ ਬਚਾ ਲਿਆ।

ਇਸ ਮਿੱਲ ਵਿਚ ਵੱਡੀ ਗਿਣਤੀ ਯੂ. ਪੀ. ਅਤੇ ਬਿਹਾਰ ਦੇ ਪ੍ਰਵਾਸੀ ਮਜ਼ਦੂਰਾਂ ਦੀ ਹੈ ਅਤੇ ਪ੍ਰਵਾਸੀ ਪੰਜਾਬੀ ਔਰਤਾਂ ਦੀ ਹੈ। ਘੱਟ ਉਜਰਤਾਂ ਅਤੇ ਔਖੀਆਂ ਕੰਮ ਦੀਆਂ ਹਾਲਤਾਂ ਹੋਣ ਕਰਕੇ ਪੰਜਾਬੀ ਮਰਦ ਬਹੁਤ ਘੱਟ ਗਿਣਤੀ ਵਿਚ ਹਨ। ਪ੍ਰਬੰਧਕੀ ਸਟਾਫ ਵਿਚ ਵੱਡੀ ਗਿਣਤੀ ਪੰਜਾਬੀਆਂ ਦੀ ਹੈ। ਦਲ ਵੱਲੋਂ ਸ਼ੁਰੂ ਤੋਂ ਹੀ 'ਭਈਆਂ ਨੂੰ ਭਜਾਉਣ' ਦਾ ਨਾਅਰਾ ਦਿਤਾ ਗਿਆ ਸੀ ਅਤੇ ਇਸ ਦੀਆਂ ਸਾਰੀਆਂ ਅਮਲੀ ਸਰਗਰਮੀਆਂ ਇਸੇ ਪਾਸੇ ਵੱਲ ਕੇਂਦਰਤ ਹਨ।

25 ਅਕਤੂਬਰ ਨੂੰ ਦਲ ਨੇ ਸਵੇਰੇ-ਸਵੇਰੇ ਫਿਰ ਅਚਨਚੇਤ ਹੜਤਾਲ ਦਾ ਐਲਾਨ ਕਰ ਦਿਤਾ। ਮਜ਼ਦੂਰਾਂ ਨੂੰ ਇਸ ਹੜਤਾਲ ਬਾਰੇ ਕੋਈ ਅਗਾਊਂ ਸੂਚਨਾ ਦੇਣ ਜਾਂ ਤਿਆਰ ਕਰਨ ਦੀ ਉਨ੍ਹਾਂ ਲੋੜ ਨਹੀਂ ਸਮਝੀ। ਹੜਤਾਲ ਨੂੰ ਕਾਮਯਾਬ ਕਰਨ ਲਈ ਮਿੱਲ ਨੂੰ ਆਉਣ ਵਾਲੇ ਸਾਰੇ

ਰਾਹਾਂ ਤੇ ਹਥਿਆਰਬੰਦ ਵਰਕਰਾਂ ਦੇ ਨਾਕੇ ਲਾ ਦਿਤੇ, ਉਨ੍ਹਾਂ ਵਿਚ ਤਾਲ-ਮੇਲ ਕਰਨ ਲਈ ੀ ਇਕ ਜੀਪ ਅਤੇ ਮੋਟਰ ਸਾਈਕਲਾਂ ਤੇ ਹਥਿਆਰਬੰਦ ਸੁਕੈਡ ਤੈਨਾਤ ਕਰ ਦਿਤੇ, ਜੋ ਲਗਾਤਾਰ ਗਸ਼ਤ ਕ ਰਨ ਲੱਗ ਪਏ। ਜਦੋਂ ਅਮਰਪੁਰਾ ਬਸਤੀ ਚੋਂ 250-300 ਮਜ਼ਦੂਰ ਮਿੱਲ ਵਲ ਨੂੰ ਆ ਰਹੇ ਸਨ ਤਾਂ ਹਥਿਆਰਾਂ ਨਾਲ ਲੈਸ ਖਾਲਿਸਤਾਨੀ ਉਨ੍ਹਾਂ ਤੇ ਟੁੱਟ ਪਏ। ਤਿੰਨ ਮਜ਼ਦੂਰ ਗੰਭੀਰ ਰੂਪ 'ਚ ਜ਼ਖਮੀ ਹੋ ਗਏ ਜਦੋਂ ਕਿ ਹੋਰਾਂ ਕਈਆ ਨੂੰ ਸਾਧਾਰਨ ਸੱਟਾਂ ਲੱਗੀਆਂ। ਪੁਲਿਸ ਨੇ ਇਸ ਘਟਨਾ ਬਾਰੇ ਦੋਸ਼ੀਆ ਨੂੰ ਫੜ੍ਹ ਕੇ ਦੋ ਘੰਟੇ ਬਾਦ ਛੱਡ ਦਿਤਾ।

ਦਲ ਦੇ ਵਰਕਰਾਂ ਵਲੋਂ ਮਜ਼ਦੂਰਾਂ ਤੇ ਲਗਾਤਾਰ ਹਮਲੇ, ਕੁੱਟ-ਮਾਰ ਅਤੇ ਧਮਕੀਆਂ ਦੀਆਂ ਕਾਰਵਾਈਆਂ ਨੂੰ ਦੇਖਦਿਆਂ ਧਾਗਾ ਮਿੱਲ ਮਜ਼ਦੂਰ ਯੂਨੀਅਨ ਨੇ 26 ਅਕਤੂਬਰ ਨੂੰ ਦਲ ਵਲੋਂ ਕਰਵਾਈ ਜਾ ਰਹੀ ਹੜਤਾਲ ਦਾ ਵਿਰੋਧ ਕਰਨ ਦਾ ਫੈਸਲਾ ਲਿਆ, ਕਿਉਂ ਕਿ ਸਪਸ਼ਟ ਰੂਪ 'ਚ ਦਲ ਦਾ ਨਿਸ਼ਾਨਾ ਮੁਲਾਜ਼ਮਾਂ ਦੀਆਂ ਮੰਗਾਂ ਮੰਨਵਾਉਣਾਂ ਨਹੀਂ, ਸਗੋਂ ਦਹਿਸ਼ਤ ਅਤੇ ਫਿਰਕਾ-ਪ੍ਰਸਤੀ ਦਾ ਮਹੌਲ ਪੈਦਾ ਕਰਕੇ ਪ੍ਰਵਾਸੀ ਮਜ਼ਦੂਰਾਂ ਨੂੰ ਪੰਜਾਬ ਤੋਂ ਭਜਾਉਣਾ ਹੀ ਸੀ। ਇਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਬਾਬਾ ਅਕਾਲੀ ਦਲ ਦਾ ਜ਼ਿਲਾ ਕਨਵੀਨਰ ਜੋ ਥਰਮਲ ਪਲਾਂਟ ਬਠਿੰਡਾ ਦਾ ਮੁਲਾਜ਼ਮ ਹੈ, ਆਪਣੇ ਅਦਾਰੇ ਵਿਚ ਹਮੇਸ਼ਾਂ ਮੁਲਾਜ਼ਮ ਹਿੱਤ ਨਾਲ ਗਦਾਰੀ ਕਰਦਾ ਅਤੇ ਅਫਸਰਸ਼ਾਹੀ ਦਾ ਪੱਖ ਪੂਰਦਾ ਰਿਹਾ ਹੈ।

27 ਅਕਤੂਬਰ ਨੂੰ ਜਦੋਂ ਸ਼ਹਿਰ ਵਲੋਂ ਮਜ਼ਦੂਰ ਆਪਣੇ ਆਗੂਆਂ ਨਾਲ ਮਿੱਲ ਨੂੰ ਆ ਰਹੇ ਸਨ ਤਾਂ ਖਾਲਿਸਤਾਨੀਆਂ ਦੇ ਤਿੰਨ ਗਰੁੱਪਾਂ ਨੇ ਉਨ੍ਹਾਂ ਨੂੰ ਘੇਰ ਲਿਆ। ਪ੍ਰੰਤੂ ਇਸ ਵਾਰੀ ਮਜ਼ਦੂਰ ਵੀ ਮੁਕਾਬਲੇ ਲਈ ਤਿਆਰ ਸਨ। ਖਾਲਿਸਤਾਨੀਆਂ ਦੀਆਂ ਗੋਲੀਆਂ ਅਤੇ ਤਲਵਾਰਾਂ ਦਾ ਜਦੋਂ ਇਧਰੋਂ ਵੀ ਜੁਆਬ ਦਿਤਾ ਜਾਣ ਲੱਗ ਪਿਆ ਤਾਂ ਉਹ ਦੜ ਵੱਟ ਗਏ। ਪੁਲਸ ਨੇ ਇਸ ਘਟਨਾ ਦੇ ਸੰਬੰਧ 'ਚ ਜਿੱਥੇ ਖਾਲਿਸਤਾਨੀਆਂ ਦੇ ਖਿਲਾਫ 107/151 ਤਹਿਤ ਕੇਸ ਦਰਜ ਕੀਤੇ, ਉਥੇ ਮਜ਼ਦੂਰਾਂ ਦੇ ਆਗੂਆਂ ਦੇ ਖਿਲਾਫ ਨਿੱਜੀ ਅਸਲੇ ਦੀ "ਦੁਰ-ਵਰਤੋਂ" ਲਈ ਗੰਭੀਰ ਕੇਸ ਦਰਜ ਕਰ ਲਏ।

ਖਾਲਿਸਤਾਨੀ, ਮਜ਼ਦੂਰਾਂ ਦੀਆਂ ਆਰਥਿਕ ਮੰਗਾਂ ਪ੍ਰਤੀ ਕਿੰਨੇ ਕੁ ਸੰਜੀਦਾ ਹਨ, ਇਸ ਗੱਲ ਦਾ ਪਤਾ ਇਥੋਂ ਲਗਦਾ ਹੈ ਕਿ ਜਦੋਂ ਉਨ੍ਹਾਂ ਵਲੋਂ 20% ਬੋਨਸ ਦੀ ਮੰਗ ਕਰਨ ਦੇ ਬਾਵਜੂਦ ਮੈਨੇਜਮੈਂਟ ਨੇ ਏਟਕ ਦੀ ਯੂਨੀਅਨ ਨਾਲ ਸਮਝੌਤਾ ਕਰਕੇ 8.33% ਬੋਨਸ ਦੀ ਅਦਾਇਗੀ ਸ਼ੁਰੂ ਕਰ ਦਿਤੀ ਤਾਂ ਲਗਪਗ ਦਲ ਦੇ ਸਾਰੇ ਵਰਕਰਾਂ, ਸਮੇਤ ਉਨ੍ਹਾਂ ਦੇ ਜਨਰਲ ਸਕੱਤਰ ਨੇ ਇਹ ਬੋਨਸ ਪ੍ਰਵਾਨ ਕਰ ਲਿਆ। ਬਾਬਾ ਦਲ ਜ਼ਿਲਾ ਕਨ-ਵੀਨਰ ਮੁੱਦਤਾਂ ਤੋਂ ਆਪਣੇ ਅਦਾਰੇ (ਪੰ: ਰਾਜ ਬਿਜਲੀ ਬੋਰਡ) 'ਚ 8.33% ਬੋਨਸ ਲੈ ਰਿਹਾ ਹੈ। ਉਥੇ ਉਸ ਨੇ ਕਦੀ ਇਸ 'ਚ ਵਾਧਾ ਕਰਨ ਦੀ ਗੱਲ ਕਰਨ ਦੀ ਲੋੜ ਨਹੀਂ ਸਮਝੀ।

ਸਭ ਤੋਂ ਸ਼ਰਮਨਾਕ ਘਟਨਾ 12 ਨਵੰਬਰ ਨੂੰ ਵਾਪਰੀ, ਜਦੋਂ ਧਾਗਾ ਮਿੱਲ ਦੇ ਕੁੱਝ ਮਜ਼ਦੂਰ ਜ਼ਿਲਾ ਕਚਹਿਰੀਆਂ ਚੋਂ ਵਧੇ ਬੱਸ ਕਿਰਾਇਆਂ ਦੇ ਖਿਲਾਫ ਸਰਵ-ਪਾਰਟੀ ਧਰਨੇ 'ਚ ਹਿੱਸਾ ਲੈਣ ਤੋਂ ਬਾਦ ਵਾਪਸ ਪਰਤ ਰਹੇ ਸਨ ਤਾਂ ਖਾਲਿਸਤਾਨੀਆਂ ਨੇ ਘਾਤ ਲਾ ਕੇ ਉਨ੍ਹਾਂ ਚੋਂ 9 ਮਜ਼ਦੂਰਾਂ ਨੂੰ ਰਾਜਿੰਦਰਾ ਕਾਲਜ 'ਚ, 2 ਮਜ਼ਦੂਰਾਂ ਨੂੰ ਬੱਸ ਅੱਡੇ ਦੇ ਪਿੱਛੇ ਇਕ ਘਰ 'ਚ ਅਤੇ 2 ਮਜ਼ਦੂਰਾਂ ਨੂੰ ਆਈ. ਟੀ. ਆਈ. ਦੀ ਗਰਾਊਂਡ 'ਚ ਧੂਹ ਕੇ ਖਿੱਚ ਲਿਆ, ਜਿਥੇ ਉਨ੍ਹਾਂ ਨੂੰ ਨੰਗਿਆਂ ਕਰਕੇ ਮੂਧੇ ਪਾ ਲਿਆ ਗਿਆ ਅਤੇ ਬੇਤਹਾਸ਼ਾਂ ਕੁੱਟਿਆ ਗਿਆ। ਇਹ ਮਜ਼ਦੂਰ ਸਾਰੇ ਦੇ ਸਾਰੇ ਪ੍ਰਵਾਸੀ ਸਨ। ਇਸ ਘਟਨਾ ਨਾਲ ਮਜ਼ਦੂਰਾਂ ਵਿਚ ਇੰਨੀਂ ਦਹਿਸ਼ਤ ਫੈਲੀ ਕਿ ਉਸੇ ਰਾਤ 700 ਮਜ਼ਦੂਰ ਸਮੇਤ ਆਪਣੇ ਪਰਿਵਾਰਾਂ ਦੇ, ਯੂਨੀਅਨ ਦੇ ਆਗੂਆਂ ਵਲੋਂ ਸਮਝਾਉਣ ਦੇ ਬਾਵ-ਜੂਦ ਵੀ ਗੱਡੀ ਚੜ੍ਹ ਕੇ ਯੂ. ਪੀ. ਅਤੇ ਬਿਹਾਰ ਚਲਾ ਗਿਆ।

ਪ੍ਰਵਾਸੀ ਮਜ਼ਦੂਰਾਂ ਤੋਂ ਬਾਦ ਖਾਲਿਸਤਾਨੀਆਂ ਦੇ ਜਬਰ ਦਾ ਦੂਜਾ ਨਿਸ਼ਾਨਾ ਗਰੀਬ ਪੰਜਾਬੀ ਔਰਤਾਂ ਹਨ, ਜੋ ਘਰੇਲੂ ਤੰਗੀਆਂ ਕਾਰਨ ਮਿੱਲ ਵਿਚ ਨੌਕਰੀ ਕਰ ਰਹੀਆਂ ਹਨ। ਇਨ੍ਹਾਂ ਤੋਂ ਸਾਈਕਲ ਅਤੇ ਪੈਸੇ ਖੋਹ ਲੈਣੇ, ਉਨ੍ਹਾਂ ਦੇ ਘਰਾਂ ਦੇ ਦਰਵਾਜ਼ਿਆਂ ਨੂੰ ਤਲਵਾਰਾਂ ਅਤੇ ਬਰਛਿਆਂ ਨਾਲ ਭੰਨਣਾਂ ਅਤੇ ਉਨ੍ਹਾਂ ਦੇ ਬੱਚਿਆਂ ਤੱਕ ਨੂੰ ਮਾਰ ਦੇਣ ਦੀਆਂ ਧਮਕੀਆਂ ਦੇਣੀਆਂ ਖਾਲਿ-ਸਤਾਨੀ ਟਰੇਡ ਯੂਨੀਅਨਿਜ਼ਮ ਦੀ ਇਕ ਵੰਨਗੀ ਜਿਸਦੀ ਮਾਰ ਹੇਠ ਅੱਜ ਧਾਗਾ ਫੈਕਟਰੀ ਬਠਿੰਡਾ ਦੇ ਮਜ਼ਦੂਰ ਆਏ ਹਨ। ਕਲ੍ਹ ਨੂੰ ਇਹ ਹੋਰ ਅਦਾਰਿਆਂ 'ਚ ਵੀ ਲਾਗੂ ਕੀਤੀ ਜਾਵੇਗੀ। ਏਟਕ ਦੀ ਸਥਾਨਕ ਲੀਡਰ-ਸ਼ਿਪ ਆਪਣੀਆਂ ਸਿਆਸੀ ਗਿਣਤੀਆਂ ਮਿਣਤੀਆਂ ਕਾਰਨ ਇਸ ਮਾਰੂ ਰੁਝਾਨ ਦੇ ਖਿਲਾਫ ਘੋਲ ਨੂੰ ਵਿਆਪਕ ਬਨਾਉਣ ਤੋਂ ਝਿਜਕ ਰਹੀ ਹੈ। ਪ੍ਰੰਤੂ ਸਾਨੂੰ ਝਿਜਕਣਾ ਨਹੀਂ ਚਾਹੀਦਾ। ਹਮਲਾ ਕਿਸੇ ਇੱਕੇ-ਦੁੱਕੇ ਵਿਅਕਤੀ ਜਾਂ ਜਥੇਬੰਦੀ ਤੇ ਨਹੀਂ ਸਗੋਂ ਸਮੁੱਚੀ ਇਨਕਲਾਬੀ ਵਿਚਾਰਧਾਰਾ ਤੇ ਹੈ। ਆਓ ਇਸ ਨਾਲ ਮਿਲ ਕੇ ਟੱਕਰ ਲਈਏ।

ਦੋ ਕਵਿਤਾਵਾਂ : **ਨਰਭਿੰਦਰ**

## ਸ਼ਹੀਦ ਦੀ ਆਖਰੀ ਅਲਵਿਦਾ

(ਬਲਦੇਵ ਮਾਨ ਦੇ ਸ਼ਹੀਦੀ ਸਮਾਰੋਹ ਤੇ)

ਜ਼ਿੰਦਗੀ ਦਿਉ ਯਾਰੋ—ਅਲਵਿਦਾ
ਜੀਊਣ ਦਿਉ ਅੰਗਿਆਰੋ—ਅਲਵਿਦਾ
ਕੁਦਰਤ ਦੇ ਨਜ਼ਾਰੋ—ਅਲਵਿਦਾ
ਚੰਦ ਸੂਰਜ ਤੇ ਤਾਰੋ—ਅਲਵਿਦਾ
ਐ ਉੱਚੇ ਪਹਾੜੋ—ਅਲਵਿਦਾ
ਐ ਨਵੀਂਉਂ ਬਹਾਰੋ—ਅਲਵਿਦਾ
ਐ ਮੁਸਕਰਾਉਂਦੀ ਫਿਜ਼ਾਓ—ਅਲਵਿਦਾ
ਐ ਗੁਣਗੁਣਾਓਂਦੀ ਹਵਾਓ—ਅਲਵਿਦਾ
ਰੰਗੀਨ ਫੁੱਲਾਂ ਦੇ ਬਾਗੋ—ਅਲਵਿਦਾ
ਐ ਧਰਤੀ ਦੇ ਦਾਗੋ—ਅਲਵਿਦਾ
ਐ ਦੁੱਖਾਂ ਦੇ ਜਾਮੋ—ਅਲਵਿਦਾ
ਨਵੀਂ ਸਵੇਰੋ ਤੇ ਸ਼ਾਮੋ—ਅਲਵਿਦਾ
ਐ ਬਲਦੀ ਮਸ਼ਾਲੋ—ਅਲਵਿਦਾ
ਐ ਤਲਵਾਰੋ ਤੇ ਢਾਲੋ—ਅਲਵਿਦਾ
ਜ਼ਿੰਦਗੀ ਦੇ ਪਹਿਰੇਦਾਰੋ—ਅਲਵਿਦਾ
ਨਵੇਂ ਪੰਧ ਦੇ ਰਾਹ ਮਾਰੋ—ਅਲਵਿਦਾ
ਵਧੋ ਮੰਜ਼ਿਲ ਵੱਲ ਆਪਣੀ—ਅਲਵਿਦਾ
ਸੰਘੀ ਦੁਸ਼ਮਨ ਦੀ ਨੱਪਣੀ—ਅਲਵਿਦਾ
ਫੜ ਲੌ ਕਾਲੀਆਂ ਗਿਰਝਾਂ—ਅਲਵਿਦਾ
ਖਤਮ ਕਰੋ ਨਫ਼ਰਤੀ ਨਿਰਝਾਂ—ਅਲਵਿਦਾ
ਮਿਟਾਉ ਜਨੂੰਨੀ ਰੇਖਾਵਾਂ—ਅਲਵਿਦਾ
ਮੇਲੋ ਭੱਜੀਆਂ ਬਾਹਵਾਂ—ਅਲਵਿਦਾ
ਢਾਹ ਦਿਉ ਸਭ ਕੁਝ ਪੁਰਾਣਾ—ਅਲਵਿਦਾ
ਉਸਾਰੋ ਨਵਾਂ ਤਾਣਾ ਬਾਣਾ—ਅਲਵਿਦਾ
ਸੁਨੇਹਾ ਚਹੁੰ ਕੂਟੀਂ ਫੈਲਾਉ—ਅਲਵਿਦਾ
ਗੀਤ ਮੁਹੱਬਤ ਦੇ ਗਾਉ—ਅਲਵਿਦਾ
ਪਹਿਨੋਂ ਮਨੁੱਖੀ ਇਸ਼ਕ ਦਾ ਜਾਮਾ—ਅਲਵਿਦਾ
ਛੇੜੋ ਵਿਸ਼ਵ ਤਰਾਨਾ—ਅਲਵਿਦਾ
ਇਨਸਾਫ ਤੇ ਸੱਚ ਦੇ ਪੁਜਾਰੀਓ—ਅਲਵਿਦਾ
ਐ ਨੰਨੀ ਬਾਲੇ—ਅਲਵਿਦਾ
ਐ ਮੇਰੇ ਹਮਸਫਰਾਲੋ—ਅਲਵਿਦਾ
ਐ ਇਨਕਲਾਬ ਦੇ ਰਾਂਝਿਉ—ਅਲਵਿਦਾ
ਐ ਸਭ ਦੇ ਸਾਂਝਿਉ—ਅਲਵਿਦਾ
ਨਵੀਂ ਕੈਨਵਸ 'ਚ ਜਦ ਕਦੀ ਰੰਗ ਭਰਨਾ,
ਭੁੱਲੇ ਵਿਸਰੇ ਇਸ ਖੂਨ ਨੂੰ ਵੀ ਯਾਦ ਕਰਨਾ।

o

## ਆਵਾਜ਼ ਕਦੇ ਕਤਲ ਨਹੀਂ ਹੋਈ

(ਬਲਦੇਵ ਮਾਨ ਦੀ ਸ਼ਹਾਦਤ 'ਤੇ)

ਇਕ ਕਾਤਲੀ ਪੰਜਾ ਫਿਰ ਉਠਿਆ
ਹੈ ਕੋਈ ਆਵਾਜ਼
ਹੱਕ ਤੇ ਸੱਚ ਲਈ
ਇਨਸਾਫ ਲਈ
ਸਰਵ ਸਾਂਝੇ ਮਨੁੱਖੀ ਭਾਈਚਾਰੇ ਲਈ
ਬੰਦ ਕਰ ਦੇਵੋ
ਕਤਲ ਕਰ ਦੇਵੋ
ਜ਼ਿਬਾਹ ਕਰ ਦੇਵੋ
ਕੀੜੇ ਹੋਰ ਸੋਚ ਹੀ ਕੀ ਸਕਦੇ ਨੇ—
ਆਵਾਜ਼ ਕਦੇ ਗੋਲੀ ਨਾਲ ਨਹੀਂ ਮੋਈ
ਫਿਜ਼ਾਂ ਦੇ ਸੀਨੇ 'ਚ ਲਿਖੇ ਹਰਫ਼,
ਕਦੇ ਮਿਟਾਏ ਨਹੀਂ ਜਾ ਸਕਦੇ।
ਕਾਤਲ ਔਰੰਗਜ਼ੇਬ ਹੋਵੇ ਜਾਂ ਖੋਮੀਨੀ
ਜ਼ਾਰ ਹੋਵੇ ਜਾਂ ਨਾਜ਼ੀ ਹਿਟਲਰ
ਜਾਂ ਹੋਣ ਧਰਮ ਦੇ ਜਨੂੰਨ 'ਚ ਕੋਈ 'ਸੰਤ'
ਆਵਾਜ਼ ਕਦੇ ਕਤਲ ਨਹੀਂ ਹੋਈ
ਆਵਾਜ਼ ਕਦੇ ਜ਼ਿਬਾਹ ਨਹੀਂ ਹੋਈ
ਛਾਂ ਸੰਗੀਨਾਂ ਦੀ ਹੋਵੇ,
ਜਾਂ ਹੋਣ ਨਾਜ਼ੀ ਤਸੀਹੇ ਕੇਂਦਰ,
ਕਾਲ ਕੋਠੜੀਆਂ ਹੋਣ ਜਾਂ ਜੇਲ੍ਹਾਂ।
ਜਾਂ ਧਰਮ ਦੇ ਜਨੂੰਨ 'ਚ ਉਠੀਆਂ,
ਤ੍ਰਿਸ਼ੂਲਾਂ ਕ੍ਰਿਪਾਨਾਂ ਸਟੇਨਾਂ।
ਆਵਾਜ਼
ਕਾਤਲੀ ਖੂਨੀ ਪੰਜਿਆਂ ਨੂੰ ਵੰਗਾਰਦੀ
ਬੇਖੌਫ ਨਿਡਰ
ਹੋਰ ਉੱਚਾ ਗੂੰਜੀ
ਤੁਸੀਂ ਸੱਚਾਈ ਨੂੰ ਕਤਲ ਨਹੀਂ ਕਰ ਸਕਦੇ
ਤੁਹਾਨੂੰ ਐਵੇਂ ਵਹਿਮ ਹੈ—ਐਵੇਂ ਭਰਮ
ਫਿਜ਼ਾ ਦੇ ਸੀਨੇ ਚੋਂ ਹਰਫ਼
ਰੋਸ਼ਨੀ ਬਣਦੇ ਨੇ, ਕਿਰਨਾਂ ਬਣਦੇ ਨੇ
ਪ੍ਰੇਰਣਾ ਬਣਦੇ ਨੇ ਆਦਰਸ਼ ਬਣਦੇ ਨੇ
ਉਹਨਾਂ ਲਈ ਜੋ
ਮਰਨਾ ਜਾਣਦੇ ਨੇ
ਜੀਊਣਾ ਜਾਣਦੇ ਨੇ
ਤੁਸੀਂ ਨਾਜ਼ੀ ਬਣਨਾ ਲੋਚਦੇ ਹੋ
ਤੁਸੀਂ ਖੋਮੀਨੀ ਬਣਨਾ ਲੋਚਦੇ ਹੋ
ਯਾਦ ਰਖੋ

ਮਿੱਟੀ ਦੇ ਜ਼ਰੇ ਜ਼ਰੇ 'ਚ ਸਿੰਮਿਆ ਖੂਨ
ਅਜੇਹਾ ਬਾਰੂਦ ਬਣ ਜਾਂਦਾ ਹੈ
ਜੋ ਤਬਾਹ ਕਰ ਦੇਵੇਗਾ
ਸਭ ਕਿਸਮ ਦੇ ਖੂਨੀ ਪੰਜੇ
ਜਨੂੰਨੀ ਪੰਜੇ
ਤੇ ਫਿਜ਼ਾ 'ਚ ਉਕਰੇ ਹਰਫ
ਹੋਰ ਸੁਨਿਹਰੀ ਹੋਣਗੇ
ਸਭ ਕੁਝ ਇਨਸਾਨੀਅਤ ਲਈ
ਮਨੁੱਖਤਾ ਲਈ
ਸਰਵ ਸਾਂਝੇ ਮਨੁੱਖੀ ਭਾਈਚਾਰੇ ਲਈ।
ਆਵਾਜ਼ ਕਤਲ ਨਹੀਂ ਹੋਈ
ਕਦੇ ਕਤਲ ਨਹੀਂ ਹੋਈ

o

## ਕੁੱਝ ਸ਼ਬਦ ਤੇਰੇ ਜਨਮ 'ਤੇ

(ਸ਼ਹੀਦ ਸਾਥੀ ਬਲਦੇਵ ਸਿੰਘ ਮਾਨ ਦਾ ਇਹ ਆਖਰੀ ਖਤ ਸਾਨੂੰ ਪ੍ਰਾਪਤ ਹੋਇਆ ਹੈ। ਇਹ ਉਨਾਂ ਆਪਣੀ ਨਵ-ਜਨਮੀ ਬੱਚੀ ਨੂੰ ਸੰਬੋਧਨ ਕੀਤਾ ਹੈ। ਨਵਾਂ ਸ਼ਹਿਰ ਦੇ ਕਿਸਾਨੀ ਘੋਲ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹੋਣ ਕਰਕੇ, ਸਾਥੀ ਮਾਨ ਨੇ ਆਪਣੀ ਬੱਚੀ ਦੇ ਜਨਮ ਵੇਲੇ ਜੀਵਨ ਸਾਥਣ ਦੀ ਖਬਰ ਸਾਰ ਲੈਣ ਦਾ ਕਾਰਜ ਵੀ ਪਿਛੇ ਪਾ ਦਿਤਾ ਸੀ। ਇਕ ਇਨਕਲਾਬੀ ਤੇ ਮਨੁੱਖਵਾਦੀ ਜਜ਼ਬਾਤਾਂ ਤੇ ਭਾਵਨਾਵਾਂ ਨਾਲ ਭਰਪੂਰ ਦਿਲ ਨੇ ਦੂਰੋਂ ਬੈਠੇ ਹੀ ਆਪਣੀ ਨੰਨ੍ਹੀ ਜਿਹੀ ਬੱਚੀ ਨਾਲ ਗੱਲਾਂ ਕਰਨੀਆਂ ਲਾਜ਼ਮੀ ਸਮਝੀਆਂ ਸਨ। ਅੱਜ ਇਹ ਖਤ ਇਕ ਪਿਉਂ ਵਲੋਂ ਧੀ ਨੂੰ ਲਿਖਿਆ ਭਾਵਨਾ ਭਰਪੂਰ ਖਤ ਹੀ ਨਹੀਂ, ਸਗੋਂ ਇਕ ਮਹੱਤਵਪੂਰਨ ਦਸਤਾਵੇਜ਼ ਬਣ ਗਿਆ ਹੈ। ਇਹ ਖਤ ਇਸ ਸਮੇਂ ਦੀ ਰਾਜਨੀਤਕ, ਫਿਰਕਾਪ੍ਰਸਤੀ; ਦਹਿਸ਼ਤਵਾਦੀ, ਸਭਿਆਚਾਰ ਅਤੇ ਪਿਛਾਂਹ ਖਿਚੂ ਰੀਤੀ-ਰਿਵਾਜਾਂ ਅਤੇ ਵਿਚਾਰਾਂ ਉਪਰ ਕੀਤੀ ਗਈ ਸੰਖੇਪ, ਪਰ ਅਰਥ-ਭਰਪੂਰ ਟਿੱਪਣੀ ਕਿਸੇ ਵਿਆਖਿਆ ਦੀ ਮੁਥਾਜ ਨਹੀਂ। ਸ਼ਹੀਦ ਸਾਥੀ ਮਾਨ ਦਾ ਇਹ ਖਤ ਅਸੀਂ ਜਿਉਂ ਦਾ ਤਿਉਂ ਛਾਪ ਰਹੇ ਹਾਂ-ਸੰਪਾਦਕ-)

ਤੈਨੂੰ ਜੀ ਆਇਆ ਆਖਦਾ ਹਾਂ। ਮੇਰੀ ਪਿਆਰੀ ਬੱਚੀ, ਅੱਜ ਹੀ ਤੇਰੇ ਜਨਮ ਦੀ ਖਬਰ ਤੇਰੀ ਦਾਦੀ ਤੋਂ 18 ਤਰੀਕ (ਸਤੰਬਰ) 1986 ਨੂੰ ਪ੍ਰਾਪਤ ਹੋਈ। ਤੇਰੀ ਦਾਦੀ ਨੇ ਇਹ ਖ਼ਬਰ ਉਨੀ ਖੁਸ਼ੀ ਨਾਲ ਨਹੀਂ ਦੱਸੀ ਜਿੰਨੀ ਖੁਸ਼ੀ ਨਾਲ ਇਹ ਖਬਰ ਉਸਨੇ ਤੇਰੀ ਥਾਂ ਤੇ ਜੇ ਲੜਕਾ ਪੈਦਾ ਹੁੰਦਾ ਤਾਂ ਦੱਸਣੀ ਸੀ। ਘਰ ਦਾ ਮਹੌਲ ਇਤਨਾ ਖੁਸ਼ਗਵਾਰ ਨਹੀਂ ਹੋਇਆ ਤੇਰੇ ਜਨਮ ਨਾਲ, ਕਿਉਂ ਜੋ ਤੂੰ ਲੜਕੀ ਹੈ। ਸੋਗੀ ਜਿਹੇ ਢੰਗ ਨਾਲ ਤੇਰੀਆਂ ਤਾਈਆਂ ਨੇ ਇਹ ਕਿਹਾ "ਅੱਛਾ! ਗੁੱਡੀ ਆ ਗਈ?" ਸ਼ਾਇਦ ਜਿਸ ਤਰਾਂ ਮੇਰੇ ਨਾਲ ਕੁਦਰਤ ਵਲੋਂ ਕੋਈ ਧੱਕਾ ਹੋਇਆ ਹੋਵੇ, ਇਸ ਤਰ੍ਹਾਂ ਦੇ ਮਾਹੌਲ ਵਿਚ ਤੇਰੀ ਆਮਦ ਬਾਰੇ ਮੈਥੋਂ ਪੁੱਛਿਆ ਜਾ ਰਿਹਾ ਹੈ। ਤੇਰੀਆਂ ਤਾਈਆਂ ਨੇ ਸ਼ਾਇਦ ਇਸ ਉੱਤੇ ਕੋਈ ਅੱਜ ਮੇਰੇ ਨਾਲ ਟਿੱਪਣੀ ਨਹੀਂ ਕੀਤੀ। ਸ਼ਾਇਦ ਉਹ ਇਸ ਬਾਰੇ ਕੁੱਝ ਵੀ ਨਾ ਕਹਿਣਾਬੇਹਤਰ ਸਮਝਦੀਆਂ ਹਨ। ਕੁੱਝ ਕਾਮਰੇਡ ਦੋਸਤ ਜੋ ਮੇਰੀ ਵਿਚਾਰਧਾਰਾ ਤੋਂ ਵਾਕਫ ਨੇ ਜਾਂ ਇਸ ਤਰਾਂ ਕਹਿ ਲਵੋ ਕਿ ਮੇਰੀ ਸੋਚ ਦੇ ਸਾਥੀ ਨੇ, ਤੇਰੇ ਜਨਮ ਦੀ ਖੁਸ਼ੀ ਦੀ ਮੁਬਾਰਕ ਦੇਣਗੇ ਅਤੇ ਮੈਥੋਂ ਤੇਰੇ ਜਨਮ ਦੀ ਖੁਸ਼ੀ ਵਿਚ ਪਾਰਟੀ ਲੈਣ ਲਈ ਕਹਿਣਗੇ ਤੇਰੀ ਦਾਦੀ ਨੇ ਤੇਰੇ ਨਾਨਕਿਆਂ ਵਲੋਂ ਭੇਜੇ ਵਧਾਈ ਦੇ ਪੈਸਿਆਂ ਤੇ ਵੀ ਹੈਰਾਨੀ ਪ੍ਰਗਟ ਕੀਤੀ ਹੈ ਤੇ ਹੈਰਾਨੀ ਭਰੇ ਲਹਿਜ਼ੇ ਵਿਚ ਹੀ ਪੁੱਛਿਆ ਹੈ ਕਿ "ਕੁੜੀਆਂ ਦੀ ਕਾਹਦੀ ਵਧਾਈ ਹੁੰਦੀ ਹੈ।" ਉਸਨੂੰ ਇਹ ਗਮ ਹੈ ਕਿ ਉਸਦਾ ਪੁੱਤਰ ਵਧਿਆ ਨਹੀਂ ਸਗੋਂ ਉਹ ਤਾਂ ਘਟ ਗਿਆ ਹੈ। ਵਧਿਆ ਤੇ ਉਹ ਤਾਂ ਹੀ ਹੁੰਦਾ ਜੇ ਉਸਦੇ ਘਰ ਪੁੱਤਰ ਹੁੰਦਾ।

ਮੇਰੀ ਬੱਚੀ, ਮੈਨੂੰ ਇਸ ਸਭ ਕਾਸੇ 'ਤੇ ਕੁੱਝ ਹੈਰਾਨੀ ਨਹੀਂ ਹੋਈ। ਮੈਨੂੰ ਪਤਾ ਹੈ ਅਤੇ ਬਹੁਤੇ ਡੂੰਘਾਈ ਵਿਚ ਇਸ ਬਾਰੇ ਗਿਆਨ ਹੈ ਕਿ ਮੌਜੂਦਾ ਪ੍ਰਬੰਧ ਵਿਚ ਲੜਕੀ ਇਕ ਬੋਝ ਸਮਝੀ ਜਾਂਦੀ ਹੈ, ਕਰਜ਼ੇ ਦਾ ਭਾਰ ਸਮਝੀ ਜਾਂਦੀ ਹੈ। ਮੈਂ ਬਹੁਤ ਕੁੱਝ ਪੜ੍ਹਿਆ ਹੈ, ਸੁਣਿਆ ਹੈ ਇਸ ਵਿਸ਼ੇ ਤੇ, ਜੋ ਅੱਜ ਮੈਂ ਅਮਲੀ ਰੂਪ ਵਿਚ, ਇਸ ਆਪਣੇ ਅਨੁਭਵ ਤੇ ਅਹਿਸਾਸ ਨੂੰ ਹੰਢਾ ਰਿਹਾ ਹਾਂ। ਇਸ ਤੋਂ ਵੱਡਾ ਗਮ ਸ਼ਾਇਦ ਤੇਰੀ ਦਾਦੀ ਨੂੰ ਇਸ ਕਰਕੇ ਵੀ ਹੋ ਸਕਦਾ ਹੈ ਕਿਉਂਕਿ ਮੈਂ ਉਸਦੀਆਂ ਨਜ਼ਰਾਂ ਵਿਚ ਬੇ-ਕਮਾਊ ਤੇ ਵਿਹਲੜ ਹਾਂ ਤੇ ਸ਼ਾਇਦ ਨਿਕੰਮਾ ਵੀ, ਇਸ ਲਈ ਤੈਨੂੰ ਕਿਸੇ ਕਮਾਊ ਬਾਪ ਦੀ ਧੀ ਬਣਨਾ ਚਾਹੀਦਾ ਸੀ।

ਚਲੋ, ਇਹ ਸਮਾਜ ਦਾ ਵਰਤਾਰਾ ਸਦੀਆਂ ਤੋਂ ਚਲਦਾ ਆ ਰਿਹਾ ਹੈ। ਔਰਤ ਦੀ ਗੁਲਾਮੀ ਦਾ ਇਹ ਵਰਤਾਰਾ ਜੋ ਜਗੀਰਦਾਰੀ ਪ੍ਰਬੰਧ ਤੇ ਸਰਮਾਏਦਾਰੀ ਪ੍ਰਬੰਧ ਦੀ ਵੀ ਪੈਦਾਵਾਰ ਹੈ। ਮੇਰੀ ਬੱਚੀ, ਤੇਰਾ ਬਾਪ ਨਾ ਹੀ ਨਿਕੰਮਾ ਤੇ ਨਾ ਹੀ ਬੇ-ਕਮਾਊ ਹੈ। ਉਹ ਇਸ ਸਮਾਜ ਨੂੰ ਬਦਲਣ ਦੀ ਇਕ ਜੰਗ ਲੜ ਰਿਹਾ, ਇਸ ਸਮਾਜ ਵਿਚ ਤੇਰਾ ਜਨਮ ਇਕ ਖੁਸ਼ੀ ਭਰੀ ਖਬਰ ਨਹੀਂ ਸਗੋਂ

ਸੋਗ ਭਰੀ ਘਟਨਾ ਤਸੱਵਰ ਕੀਤਾ ਜਾਂਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਹੁਤ ਅਗਾਂਹ ਵਧੂ ਵਿਚਾਰਾਂ ਦੇ ਲੋਕਾਂ ਨੇ, ਜੋ ਸਮਾਜ ਲਈ ਰਾਹ ਦਰਸਾਊ ਅਤੇ ਨਾਇਕ ਦੇ ਤੌਰ 'ਤੇ ਪੇਸ਼ ਆਉਂਦੇ ਰਹੇ, ਪਰ ਅਮਲੀ ਜ਼ਿੰਦਗੀ ਵਿਚ ਉਨ੍ਹਾਂ ਨੇ ਆਪਣੀਆਂ ਧੀਆਂ ਨਾਲ ਉਹ ਹੀ ਸਲੂਕ ਕੀਤਾ ਜੋ ਪਿਛਾਂਹ ਖਿੱਚੂ ਤੋਂ ਪਿਛਾਂਹ ਖਿੱਚੂ ਵਿਅਕਤੀ ਕਰਦੇ ਹਨ। ਪਰ ਮੈਂ ਆਪਣੀ ਜ਼ਿੰਦਗੀ ਨੂੰ ਹਮੇਸ਼ਾਂ ਹੀ ਇਸ ਤਰ੍ਹਾਂ ਹੀ ਜੀਣ ਦਾ ਪ੍ਰਣ ਲਿਆ ਹੈ ਕਿ ਜਿਸਦੀ ਕਹਿਣੀ ਤੇ ਕਰਨੀ ਵਿਚ ਕੋਈ ਫਰਕ ਨਾ ਆਵੇ।

ਪਿਆਰੀ ਬੱਚੀ, ਮੇਰੀ ਜ਼ਿੰਦਗੀ ਦਾ ਉਦੇਸ਼ ਤੇ ਮੇਰੇ ਵਲੋਂ ਲੜੀ ਜਾ ਰਹੀ ਜੰਗ ਸ਼ਾਇਦ ਤੈਨੂੰ ਬਹੁਤ ਹੀ ਦੇਰ ਨਾਲ ਵੱਡੀ ਹੋਕੇ ਸਮਝ ਆਵੇ। ਸ਼ਾਇਦ ਤੇਰੀ ਮਾਂ ਨੂੰ ਮੈਂ ਅਜੇ ਤੱਕ ਨਹੀਂ ਸਮਝਾ ਸਕਿਆ ਕਿ ਮੇਰੀ ਜ਼ਿੰਦਗੀ ਦਾ ਸਮਾਂ, ਜੋ ਉਸਦੀਆਂ ਨਜ਼ਰਾਂ ਵਿਚ ਬਰਬਾਦ ਕੀਤਾ ਜਾ ਰਿਹਾ, ਕਿੰਨੇ ਮਹਾਨ ਆਦਰਸ਼ ਦੇ ਲੇਖੇ ਲਾਇਆ ਜਾ ਰਿਹਾ ਹੈ। ਮੈਂ ਇਕ ਅਜਿਹੇ ਸਮਾਜ ਦੀ ਸਿਰਜਣਾ ਲਈ ਜੰਗ ਲੜ ਰਿਹਾ ਹਾਂ, ਜਿਸ ਵਿਚ ਮਨੁੱਖ ਦੇ ਗਲ ਪਈਆਂ ਗੁਲਾਮੀ ਦੀਆਂ ਜੰਜ਼ੀਰਾਂ ਟੁੱਟਕੇ ਚਕਨਾਚੂਰ ਹੋ ਜਾਣ, ਦੱਬੇ ਕੁਚਲੇ ਲੋਕਾਂ ਨੂੰ ਇਸ ਧਰਤੀ ਤੇ ਸਵਰਗ ਪ੍ਰਾਪਤ ਹੋ ਸਕੇ। ਭੁੱਖ ਨਾਲ ਮਰ ਰਹੇ, ਬੱਚੇ, ਜਿਸਮ ਵੇਚਕੇ ਪੇਟ ਭਰਦੀਆਂ ਔਰਤਾਂ, ਖੂਨ ਵੇਚ ਕੇ ਰੋਟੀ ਖਾਂਦੇ ਮਜ਼ਦੂਰ, ਕਰਜ਼ੇ ਦੀਆਂ ਪੰਡਾਂ ਥੱਲੇ ਨਪੀੜੇ ਕਿਸਾਨ, ਇਨ੍ਹਾਂ ਸਾਰਿਆਂ ਦੀ ਮੁਕਤੀ ਲਈ ਜੰਗ ਲੜੀ ਜਾ ਰਹੀ ਹੈ। ਜਿਸ ਵਿਚ ਤੇਰਾ ਬਾਪ ਆਪਣਾ ਨਿਮਾਣਾ ਹਿੱਸਾ ਪਾ ਰਿਹਾ ਹੈ।

ਜਿਸ ਸਮੇਂ ਤੂੰ ਜਨਮ ਲਿਆ ਹੈ, ਪੰਜਾਬ ਦੀ ਧਰਤੀ ਫਿਰਕੂ ਲੀਹਾਂ ਤੇ ਵੰਡੀ ਪਈ ਹੈ। ਕਿਧਰੇ ਇਸ ਕਰਕੇ ਮਾਰੇ ਜਾ ਰਹੇ ਹਨ ਕਿਉਂ ਜੋ ਉਨ੍ਹਾਂ ਦੇ ਸਿਰਾਂ 'ਤੇ ਕੇਸ ਨਹੀਂ, ਉੱਧਰ ਇਸ ਕਰਕੇ ਜੀਂਦੇ ਸਾੜੇ ਜਾ ਰਹੇ ਹਨ ਕਿਉਂ ਜੋ ਉਨ੍ਹਾਂ ਦੇ ਸਿਰਾਂ ਤੇ ਕੇਸ ਹਨ। ਧਰਮ ਦੇ ਨਾਂ ਤੇ ਇਨਸਾਨੀਅਤ ਕਤਲ ਕੀਤੀ ਜਾ ਰਹੀ ਹੈ। ਲੋਕਾਂ ਨੂੰ ਵੰਡਕੇ, ਆਪਸੀ ਖੂਨ ਦੀ ਹੋਲੀ ਖੇਡਣ ਵਿਚ ਲਾਕੇ, ਸ਼ੈਤਾਨ, ਦੂਰ ਬੈਠੇ ਹੱਸ ਰਹੇ ਹਨ, ਇਸ ਧਰਤੀ ਦੇ ਲੋਕ, ਜਿੱਥੇ ਤੂੰ ਜਨਮ ਲਿਆ ਹੈ। ਮੇਰੀ ਬੱਚੀ ਤੇਰਾ ਬਾਪ ਇਨ੍ਹਾਂ ਕਾਲੀਆਂ ਤਾਕਤਾਂ ਦੇ ਖਿਲਾਫ ਜੱਦੋ ਜਹਿਦ ਵਿਚ ਮਸਰੂਫ਼ ਹੈ ਕਾਲੀਆਂ ਤਾਕਤਾਂ ਇਸ ਧਰਤੀ ਤੋਂ ਚਾਨਣ ਨੂੰ ਅਲੋਪ ਕਰ ਦੇਣਾ ਚਾਹੁੰਦੀਆਂ ਹਨ। ਚਾਨਣ ਵੰਡਦੇ ਸੂਰਜਾਂ ਨੂੰ ਖਤਮ ਕਰਨਾ ਇਨ੍ਹਾਂ ਦੀ ਸਾਜ਼ਿਸ਼ ਹੈ। ਬੱਚੀਏ, ਇਨ੍ਹਾਂ ਸਾਜ਼ਿਸ਼ਾਂ ਵਿਰੁੱਧ ਜੰਗ ਲੜਦਿਆਂ ਸ਼ਹਾਦਤਾਂ ਜ਼ਰੂਰੀ ਹਨ। ਮੈਂ ਨਹੀਂ ਦਾਅਵੇ ਨਾਲ ਕਹਿ ਸਕਦਾ ਕਿ ਮੈਂ ਵੀ ਕਿਰਨਾਂ ਵੰਡਦਾ ਹੋਇਆ, ਇਨ੍ਹਾਂ ਹੱਥੋਂ ਸ਼ਹੀਦ ਨਹੀਂ ਹੋ ਸਕਦਾ। ਕੁੱਝ ਵੀ ਹੋਵੇ, ਮੇਰੀਏ ਬੱਚੀਏ. ਤੈਨੂੰ ਹਮੇਸ਼ਾਂ ਹੀ ਆਪਣੀ ਜ਼ਿੰਦਗੀ ਵਿਚ ਇਸ 'ਤੇ ਮਾਣ ਹੋਵੇਗਾ ਕਿ ਤੂੰ ਇਕ ਅਜਿਹੇ ਬਾਪ ਦੀ ਧੀ ਹੈਂ, ਜਿਸ ਨੇ ਇਨ੍ਹਾਂ ਹਨੇਰਿਆਂ ਵਿਰੁੱਧ ਜੰਗ ਲੜੀ ਸੀ। ਸ਼ਾਇਦ ਤੇਰੀ ਜ਼ਿੰਦਗੀ ਵਿਚ ਮੈਂ ਉਹ ਸਹੂਲਤਾਂ ਨਾ ਦੇ ਸਕਾਂ 'ਤੇ ਨਾ ਹੀ ਉਹ ਜ਼ਿੰਮੇਦਾਰੀਆਂ ਪੂਰੀ ਤਰ੍ਹਾਂ ਪੂਰੀਆਂ ਕਰ ਸਕਾ, ਜੋ ਇਕ ਬਾਪ ਨੂੰ ਬੱਚਿਆਂ ਲਈ ਕਰਨੀਆਂ ਚਾਹੀਦੀਆਂ ਹਨ। ਪਰ ਮੇਰੇ ਅਸੂਲਾਂ ਦੀ ਜ਼ਾਇਦਾਦ ਤੇਰੇ ਲਈ ਸਭ ਤੋਂ ਵੱਡਮੁੱਲੀ ਹੋਵੇਗੀ। ਤੂੰ ਇਕ ਅਜਿਹੇ ਚਿਰਾਗ ਚੋਂ ਪੈਦਾ ਹੋਈ ਜੋਤੀ ਹੈਂ ਜਿਸਨੇ ਚਾਨਣ ਵੰਡਣਾ ਹੈ। ਵੇਖੀਂ ਕਿਤੇ ਅਜਿਹੇ ਸ਼ੈਤਾਨਾਂ ਤੋਂ ਗੁੰਮਰਾਹ ਨਾ ਹੋ ਜਾਵੀਂ ਜੋ ਮਨੁੱਖਤਾ ਦੀਆਂ ਕੁੱਲੀਆਂ ਸਾੜ ਦੇਣ ਦੀਆਂ ਸਾਜ਼ਿਸ਼ਾਂ ਰਚਦੇ ਹਨ। ਜੰਗ, ਮੇਰੇ ਲੋਕਾਂ ਦੀ ਜੰਗ ਅਵੱਸ਼ ਜਿੱਤੀ ਜਾਣੀ ਹੈ। ਸ਼ਾਇਦ ਤੈਨੂੰ ਉਹ ਕਾਲ੍ਹੇ ਪਹਿਰ ਨਾ ਹੀ ਨਸੀਬ ਹੋਣ, ਜਿਸ 'ਚੋਂ ਅਜੇ ਮੇਰੇ ਲੋਕ ਗੁਜ਼ਰ ਰਹੇ ਹਨ। ਕੁਰਬਾਨੀਆਂ ਦੇ ਸਿਰ ਬੀਜਕੇ ਇਥੇ ਅਜਿਹੇ ਚਮਨ ਨੂੰ ਅਸੀਂ ਸਿਰਜ ਲਈਏ, ਜਿਸ ਵਿਚ ਤੂੰ ਆਜ਼ਾਦੀ ਦੀ ਹਵਾ ਖਾ ਸਕੇਂ। ਜੇ ਅਸੀਂ ਇਸ ਜੰਗ ਨੂੰ ਫਤਹਿ ਨਾ ਵੀ ਕਰ ਸਕੀਏ ਤਾਂ ਮੇਰੀ ਬੱਚੀ, ਤੂੰ ਉਸ ਸੱਚ ਲਈ ਲੜ ਰਹੇ ਕਾਫਲੇ ਦੀ ਨਾਇਕ ਬਣਨ ਦੀ ਜ਼ਰੂਰ ਕੋਸ਼ਿਸ਼ ਕਰੀਂ। ਮੈਂ ਕਦੇ ਨਹੀਂ ਚਾਹਾਂਗਾ ਕਿ ਤੂੰ ਸਿੱਖ ਹੋਵੇਂ, ਹਿੰਦੂ ਹੋਵੇਂ ਜਾਂ ਮੁਸਲਮਾਨ। ਇਹ ਸਭ ਤੋਂ ਉਪਰ ਉਠਕੇ ਇਨਸਾਨ ਬਣਨ ਦੀ ਜ਼ਰੂਰ ਕੋਸ਼ਿਸ਼ ਕਰੀਂ। ਦੇਖੀਂ ਕਿਤੇ ਇਹਨਾਂ ਵੰਡੀਆਂ ਵਿਚ ਤੇਰੀ ਇਨਸਾਨੀਅਤ ਨਾ ਵੰਡੀ ਜਾਵੇ।

ਮੇਰੀ ਪਿਆਰੀ ਬੱਚੀ, ਇਹ ਕੁੱਝ ਸ਼ਬਦ ਲੈ ਕੇ ਤੇਰੇ ਜਨਮ ਤੇ ਮੈਂ ਤੈਨੂੰ ਮੁਖਾਤਿਬ ਹੋਇਆ ਹਾਂ। ਉਮੀਦ ਹੈ ਕਿ ਕਬੂਲ ਕਰੇਂਗੀ ਤੇ ਇਸ ਉਪਰ ਅਮਲ ਵੀ ਕਰੇਂਗੀ। ਇਹ ਕੁੱਝ ਸ਼ਬਦ ਤੇਰੀ ਜ਼ਿੰਦਗੀ ਦੀ ਬੁਨਿਆਦ ਨੇ, ਇਨ੍ਹਾਂ ਉੱਪਰ ਆਪਣੀ ਜ਼ਿੰਦਗੀ ਦਾ ਮਹਿਲ ਉਸਾਰ ਲਵੀਂ।

ਲੋਕ-ਜੰਗ ਦਾ ਸਿਪਾਹੀ,
ਤੇਰਾ ਪਿਤਾ
ਬਲਦੇਵ ਸਿੰਘ ਮਾਨ।
18-9-86

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮਖ ਪ੍ਰਿੰਟਰ, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ ਗੁਰੂ : ਖਾਲਸਾ ਨਿਵਾਸ ਨਾ: ਖਾਲਸਾ ਕਾਲਜ, ਅੰਮ੍ਰਿਤਸਰ-143002 : ਵਾਰਸ਼ਿਕ ਚੰਦਾ 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:।

ਕਹਾਣੀ

# ਖ਼ਬਰ ਛਪਣ ਤੱਕ

**ਦਰਸ਼ਨ ਦਰਵੇਸ਼**

ਪਿਛਲੇ ਕਈ ਦਿਨਾਂ ਤੋਂ ਲਿਖਣ ਬਾਰੇ ਸੋਚ ਰਿਹਾ ਹਾਂ।

ਕੀ ਲਿਖਣਾ ਹੈ ? ਇਹ ਕੁੱਝ ਅਜੇ ਸੋਚਾਂ ਵਿਚ ਜਜ਼ਬ ਨਹੀਂ ਹੋਇਆ ਵੈਸੇ, ਨਜ਼ਮ ਜਾਂ ਕਹਾਣੀ ਹੀ ਲਿਖੀ ਜਾ ਸਕਦੀ ਹੈ। ਇਤੋ ਜਿਹੇ ਘੱਟ ਵਕਫ਼ੇ ਵਿਚ ਨਾਵਲ ਲਿਖਣ ਬਾਰੇ ਨਹੀਂ ਸੋਚਿਆ ਜਾ ਸਕਦਾ।

ਸੰਪਾਦਕ ਦੀਆਂ ਵਾਰ ਵਾਰ ਚਿੱਠੀਆਂ ਆ ਰਹੀਆਂ ਹਨ। ਪਰ ਕੀ ਕਰਾਂ ? ਕੁੱਝ ਵੀ ਸਮਝ ਵਿਚ ਨਹੀ ਆ ਰਿਹਾ। ਦਫ਼ਤਰ ਦਾ ਮਹੌਲ ਹੀ ਐਸਾ ਹੈ ਕਿ ਲਿਖਣ ਦਾ ਵਕਤ ਹੀ ਨਹੀਂ ਮਿਲਦਾ।

ਅਨੇਕਾਂ ਪਲਾਟ ਅੱਖਾਂ ਅੱਗੇ ਘੁੰਮ ਰਹੇ ਹਨ।

ਕਈ ਸਿਰਫ਼ ਕਹਾਣੀ ਦੀ ਪਕੜ ਵਿਚ ਆਉਣ ਵਾਲੇ ਅਤੇ ਕਈ ਦੋਹਾਂ ਵਿਚ ਹੀ। ਕਈ ਵਾਰ ਵਕਤ ਕੱਢ ਵੀ ਲਿਆ ਹੈ ਪਰ ਕਲਮ ਫਿਰ ਵੀ ਚੁੱਕੀ ਨਹੀਂ ਜਾਂਦੀ। ਪਤਾ ਨਹੀਂ ਲੱਗਦਾ ਅਜਿਹਾ ਕੀ ਹੈ ? ਜੋ ਮੈਨੂੰ ਲਿਖਣ ਨਹੀਂ ਦੇ ਰਿਹਾ।

ਪਤਨੀ ਕਹਿੰਦੀ ਹੈ ਕਿ ਮੈਂ ਐਵੇਂ ਹੀ ਫਜ਼ੂਲ ਜਿਹਾ ਬੋਝ ਦਿਮਾਗ ਉਪਰ ਲਈ ਫਿਰ ਰਿਹਾ ਹਾਂ। ਪਰ, ਮੇਰੀ ਰਾਇ ਕੁੱਝ ਵੱਖ ਹੈ।

ਮੇਰੀ ਰਾਇ ਹੈ ਕਿ ਇਸ ਵਾਰ ਕੁਝ ਅਜਿਹਾ ਲਿਖਿਆ ਜਾਵੇ, ਜੋ ਅੱਜ ਦੇਸ਼ ਅੰਦਰ ਵਾਪਰ ਰਹੇ ਕਰੰਟ ਹਾਲਾਤਾਂ ਦੇ ਨਾਲ ਤੁਰਦਾ ਹੋਵੇ।

ਦੇਸ਼ ਅੰਦਰ ਇੱਕ ਗਰੋਹ ਨੇ ਜਨਮ ਲਿਆ ਹੈ ਜੋ ਦਿਨ ਦਿਹਾੜੇ ਖੋਹਾਂ ਕਰਦਾ ਹੈ, ਬੇਕਸੂਰਿਆਂ ਦੇ ਕਤਲ ਕਰਦਾ ਹੈ। ਹਰ ਰੋਜ਼ ਬਜ਼ਾਰਾਂ ਵਿੱਚ ਤੁਰੇ ਜਾਂਦੇ ਬੇਕਸੂਰਿਆਂ ਨੂੰ ਗੋਲੀਆਂ ਦਾ ਨਿਸ਼ਾਨਾਂ ਬਣਾਕੇ ਉਹ ਪਤਾ ਨਹੀਂ ਕਿੱਧਰ ਛੁਪਣ-ਛੋਤ ਹੋ ਜਾਂਦੇ ਹਨ। ਪੁਲਸ ਦੇਰ ਬਾਅਦ ਹਰਕਤ ਵਿੱਚ ਆਉਂਦੀ ਹੈ ਪਰ ਉਹਨਾਂ ਦੇ ਹੱਥ ਪੱਲੇ ਕੁਝ ਨਹੀਂ ਪੈਂਦਾ।

ਬਜ਼ਾਰਾਂ ਵਿੱਚ ਸਹਿਮ ਹੈ।

ਹਰ ਕਿਸੇ ਦੇ ਮਨ ਵਿਚੋਂ ਹਰ ਪਲ ਕੁਝ ਨਾਂ ਕੁਝ ਭੁਰਦਾ ਰਹਿੰਦਾ ਹੈ।

ਕੋਈ ਪਤਾ ਨਹੀਂ, ਮੌਤ ਕਦੋਂ ਕਿਸਨੂੰ ਆਪਣੇ ਕਲਾਵੇ ਵਿੱਚ ਲੈ ਲਵੇ।

ਦਸ ਦਿਨ ਪਹਿਲਾਂ ਮੇਰੇ ਗੁਆਂਢੀ ਦੋਨੋਂ ਸਕੇ ਭਰਾ ਅਜਮੇਰ ਸਿੰਘ ਅਤੇ ਸ਼ਮਸ਼ੇਰ ਸਿੰਘ ਇਸ ਅਣਹੋਣੀ ਦਾ ਸ਼ਿਕਾਰ ਹੋ ਗਏ ਸਨ।

ਮੌਤ ਨੇ ਉਹਨਾਂ ਨੂੰ ਚੀਕ ਮਾਰਨ ਦਾ ਵਕਤ ਵੀ ਨਹੀਂ ਦਿੱਤਾ ਸੀ।

ਹੋਰ ਕਈਆਂ ਸਮੇਤ ਉਹ ਵੀ ਬਜ਼ਾਰ ਵਿੱਚ ਜਾਂਦੇ ਉਹਨਾਂ ਗੋਲੀਆਂ ਦਾ ਸ਼ਿਕਾਰ ਹੋ ਗਏ ਸਨ, ਕਿਸੇ ਨੂੰ ਵੀ ਬਖਸ਼ਣਾ ਜਿੰਨ੍ਹਾਂ ਦੀ ਫਿਤਰਤ ਨਹੀ ਸੀ।

ਚੱਲੀਆਂ ਗੋਲੀਆਂ ਸਨ। ਵਰ੍ਹਾਉਣ ਵਾਲੇ ਇਕੱਲੇ ਜਨੂੰਨੀ ਹੁੰਦੇ ਹਨ ਪਰ ਲਪੇਟ ਵਿੱਚ ਆਉਣ ਵਾਲਾ ਕੋਈ ਵੀ ਹੋ ਸਕਦਾ ਹੈ।

ਸ਼ਮਸ਼ੇਰ ਸਿੰਘ ਦਾ ਵੱਡਾ ਮੁੰਡਾ ਛੇ ਮਹੀਨਿਆਂ ਤੋਂ ਘਰ ਤੋਂ ਲਾਪਤਾ ਸੀ। ਬਹੁਤ ਥਾਵਾਂ ਫਰੋਲੀਆਂ ਪਰ ਉਸਦਾ ਕੋਈ ਖੋਜ ਖੁਰਾ ਨਹੀਂ ਸੀ ਮਿਲਿਆ।

ਸ਼ਮਸ਼ੇਰ ਸਿੰਘ ਆਪਣੇ ਆਪ ਨੂੰ ਬਦਕਿਸਮਤ ਆਖਦਾ।

ਆਖਰ ਮੁੰਡਾ ਗਿਆ ਤਾਂ ਕਿੱਧਰ ਗਿਆ ਹਰ ਪਲ ਇਹ ਇਕੋ ਹੀ ਗੱਲ ਉਸਨੂੰ ਕੁਰੇਦਦੀ ਰਹਿੰਦੀ ਸੀ।

ਸ਼ਮਸ਼ੇਰ ਸਿੰਘ ਦੀ ਵੱਡੀ ਕੁੜੀ ਮੰਗੀ ਤਾਂ ਦੋ ਸਾਲ ਪਹਿਲਾਂ ਦੀ ਹੋਈ ਸੀ ਪਰ ਹੁਣ ਉਸ ਦਾ ਵਿਆਹ, ਜੋ ਛੇ ਮਹੀਨੇ ਪਹਿਲਾਂ ਕਰਨਾ ਸੀ, ਮੁੰਡੇ ਨੂੰ ਉਡੀਕ ਉਡੀਕ ਕੇ ਦੇ ਦਿੱਤਾ ਸੀ।

ਅਤੇ—ਇਸ ਉਡੀਕ ਤੋਂ ਬਾਅਦ ਉਹ ਉਸ ਭਾਗਾਂ ਭਰੇ ਦਿਨ ਕੁੜੀ ਦੇ ਗਹਿਣੇ ਬਣਨੇ ਦੇ ਕੇ ਆ ਰਹੇ ਸਨ। ਇੱਕ ਮਹੀਨਾਂ ਹੀ ਤਾਂ ਰਹਿ ਗਿਆ ਸੀ ਗੁੱਡੀ ਦੇ ਵਿਆਹ ਵਿੱਚ। ਜਿਥੇ ਉਸਨੂੰ ਕੁੜੀ ਨੂੰ ਆਪਣੇ ਘਰ ਤੋਰਨ ਦਾ ਚਾਅ ਸੀ, ਉਥੇ ਇਸ ਗੱਲ ਦੀ ਉਦਾਸੀ ਵੀ ਕਿ ਗੁੱਡੀ ਦਾ ਵੀਰ ਉਸ ਵੇਲੇ ਘਰ ਨਹੀਂ ਸੀ ਹੋਣਾ।

ਕਈ ਵਾਰ ਤਾਂ ਉਹ ਪਾਗਲ ਹੋਣ ਦੀ ਹੱਦ ਤੀਕ ਸੋਚਣ ਲੱਗ ਪੈਂਦਾ। ਕਿ ਆਖਰ ਮੁੰਡੇ ਨੂੰ ਲੱਭੇ ਤਾਂ ਕਿੱਥੇ ?

ਕੀ ਗੁੱਡੀ ਦਾ ਵਿਆਹ ਇੰਝ ਹੀ ਹੋ ਜਾਏਗਾ ?

ਕਿਤੇ ਸੋਹਲ ਨੂੰ ਕੋਈ ਚੁੱਕ ਕੇ ਹੀ ਨਾ ਲੈ ਗਿਆ ਹੋਵੇ। ਪਰ ਉਹਨਾਂ ਦੀ ਤਾਂ ਕਿਸੇ ਨਾਲ ਦੁਸ਼ਮਣੀ ਵੀ ਨਹੀਂ ਸੀ। ਅਜਿਹਾ ਕੋਈ ਨਹੀਂ ਕਰ ਸਕਦਾ।

ਕਿਤੇ ਰਾਹ ਖਹਿੜੇ......

ਅਜਿਹਾ ਬਹੁਤ ਕੁਝ ਸੀ ਉਹਦੇ ਮਨ ਵਿੱਚ। ਪਰ ਇਸ ਬਹੁਤ ਕੁਝ ਦੇ ਅਰਥ ਇਸ ਵੇਲੇ ਬੇਅਰਥ ਬਣੇ ਪਏ ਸਨ।

ਅਜਿਹਾ ਬਹੁਤ ਕੁਝ ਖ਼ੂਨ ਦੀਆਂ ਚਾਘੀਆਂ ਲਾਉਣ ਤੋਂ ਸਿਵਾ ਕੁਝ ਨਹੀਂ ਸੀ ਕਰਦਾ।

ਸ਼ਮਸ਼ੇਰ ਸਿੰਘ ਇਕੱਲਾ ਸੀ।

ਦੂਜਾ ਮੁੰਡਾ ਇੰਨਾ ਛੋਟਾ ਸੀ ਕਿ ਉਹਦੇ ਕਦਮਾਂ ਵੱਲ ਵੇਖਕੇ ਆਪਣੇ ਕਦਮ ਛੋਟੇ ਨਹੀਂ ਕੀਤੇ ਜਾ ਸਕਦੇ ਸਨ।

ਇੰਜਨੀਅਰਿੰਗ ਦੀ ਡਿਗਰੀ ਹਾਸਲ ਕਰਨ ਤੋਂ ਬਾਅਦ ਸੋਹਲ ਸਿੰਘ ਦੋ ਸਾਲ ਬੇ-ਰੁਜ਼ਗਾਰ ਰਹਿਕੇ ਘਰੋਂ ਲਾਪਤਾ ਹੋ ਗਿਆ ਸੀ।

ਹੁਣ ਤੱਕ ਵੀ ਇਹ ਇੱਕ ਬੁਝਾਰਤ ਬਣੀ ਹੋਈ ਸੀ ਕਿ ਸੋਹਲ ਆਖਰ ਗਿਆ ਤਾਂ ਕਿੱਧਰ ਗਿਆ।

ਸੋਹਲ ਨੂੰ ਲੱਭਦੇ, ਕੁੜੀ ਨੂੰ ਤੋਰਨ ਦੇ ਫਿਕਰਾਂ ਵਿੱਚ, ਆਪਣੇ ਫਰਜ਼ ਪੂਰੇ ਕਰਦੇ ਅਜਮੇਰ ਅਤੇ ਸ਼ਮਸ਼ੇਰ ਦੇਸ਼ ਅੰਦਰ ਫੈਲੀ ਅੰਨ੍ਹੀ ਹਿੰਸਾ ਦੇ ਮੂੰਹੋਂ ਵਰ੍ਹਦੀ ਅੱਗ ਦੀ ਲਪੇਟ ਵਿੱਚ ਆ ਗਏ।

ਉਸੇ ਦਿਨ ਤੋਂ ਹੀ ਸਾਰੇ ਪਿੰਡ ਦੇ ਦੀਵੇ ਗੁੱਲ ਹਨ।

ਕੋਈ ਵੀ ਰੱਜਕੇ ਰੋਟੀ ਨਹੀਂ ਖਾ ਰਿਹਾ।

ਕਿਸੇ ਦਾ ਵੀ ਕੰਮ ਕਰਨ ਨੂੰ ਦਿਲ ਨਹੀਂ ਕਰਦਾ।

ਗੱਲ ਕੀ ਪੰਛੀ ਵੀ ਉਨਾਂ ਨਹੀਂ ਚਹਿ ਚਹਾਉਂਦੇ, ਜਿੰਨਾ ਉਹ ਪਹਿਲਾਂ ਦਮ ਨਾਲ ਬੋਲਦੇ ਸਨ।

ਅੱਜ ਫਿਰ ਸੰਪਾਦਕ ਦੀ ਚਿਠੀ ਆਈ ਹੈ। ਫਿਰ ਸੋਚ ਰਿਹਾ ਹਾਂ ਕਿ ਕੀ ਕਰਾਂ ? ਉਸ ਨਾਲ ਵਾਅਦਾ ਵੀ ਤਾਂ ਕਰੀ ਬੈਠਾ ਹਾਂ ਕਿ ਜ਼ਰੂਰ ਹੀ ਨਵੀਂ ਕਹਾਣੀ ਭੇਜਾਂਗਾ।

ਗੁਆਂਢ ਵਿੱਚ ਹਰ ਰੋਜ਼ ਪੈਂਦੇ ਵੈਣ, ਔਰਤਾਂ ਦੀਆਂ ਦਿਲ ਵਿੰਨਵੀਆਂ ਚੀਕਾਂ, ਮਨ ਉਦਾਸ ਕਰ ਦਿੰਦੀਆਂ ਨੇ। ਇਹਨਾਂ ਵਿਚਾਰਿਆਂ ਦਾ ਕੀ ਕਸੂਰ ਸੀ ?

ਪਤਨੀ ਦੱਸਦੀ ਹੈ ਕਿ ਉਹਦੇ ਕੋਲ ਵੀ ਇੱਕ ਵਧੀਆ ਪਲਾਟ ਹੈ।

ਸੋਚਦਾਂ ਇਹ ਅਜਿਹੀ ਕਦੋ ਕੁ ਤੋਂ ਹੋ ਗਈ ਹੈ ? ਕਿ ਰਚਨਾਵਾਂ ਦੀ ਕਮਾਈ ਤੇ ਧਿਆਨ ਮੋੜਕੇ ਪਲਾਟਾਂ ਬਾਰੇ ਵੀ ਸੋਚਣ ਲੱਗ ਪਈ ਹੈ ਅਤੇ ਆਪਣੇ ਆਪ ਨੂੰ ਇਥੋਂ ਤੱਕ ਵੀ ਯੋਗ ਸਮਝਦੀ ਹੈ, ਕਿ ਉਹ ਜਿਹੜਾ ਵੀ ਪਲਾਟ ਦਸੇਗੀ ਉਹ ਵਾਕਿਆ ਹੀ ਮੇਰੀਆਂ ਸੋਚਾਂ ਦੇ ਹਾਣ ਦਾ ਹੋਵੇਗਾ।

ਉਂਞ ਇਹ ਜਿਹੀ ਗੱਲ ਹੋ ਤਾਂ ਨਹੀਂ ਸਕਦੀ ਪਰ ਨਾਂ ਚਾਹੁੰਦਿਆਂ ਹੋਇਆਂ ਫਿਰ ਵੀ ਪੁੱਛ ਲੈਂਦਾ ਹਾਂ ਕਿ ਕਿਹੜਾ ਹੈ ?

ਉਹ ਪਹਿਲਾਂ ਹੱਸਦੀ ਹੈ ਅਤੇ ਅਚਾਨਕ ਹੀ ਉਦਾਸ ਹੋ ਕੇ ਬੋਲਦੀ ਹੈ, 'ਔਹ ਵੇਖੋ ਨਾਂ ਆਪਣੇ ਗੁਆਂ-ਢੀਆਂ ਦਾ। ਬੇਚਾਰੇ ਬੇਦੋਸ਼ੇ ਹੀ ਮਾਰੇ ਗਏ ਹਨ, ਇਹਨਾਂ ਬਾਰੇ ਲਿਖੋ ਨਾਂ।'

ਗੱਲ ਉਹਦੀ ਕਾਫੀ ਹੀ ਨਹੀਂ ਬਹੁਤ ਹੱਦ ਤੱਕ ਠੀਕ ਲੱਗੀ ਹੈ। ਸਮਝੋ ਸਾਰੀ ਹੀ ਠੀਕ ਹੈ।

ਉਹਨਾਂ ਬਾਰੇ ਕਹਾਣੀ ਤਾਂ ਵਧੀਆ ਲਿਖੀ ਜਾ ਸਕਦੀ ਹੈ। ਨਾਲੇ ਸੰਪਾਦਕ ਨੂੰ ਅੱਜ ਕੱਲ ਇਹੋ ਜਿਹੇ ਮੈਟਰ ਦੀ ਹੀ ਤਾਂ ਲੋੜ ਹੈ। ਉਸ ਦਾ ਪਰਚਾ ਵੀ ਤਾਂ ਅੱਜ ਕੱਲ ਪੂਰੀ ਚੜ੍ਹਤ ਵਿੱਚ ਹੈ। ਸੰਪਰਦਾਇਕ ਭਾਵਨਾ ਦੇ ਐਨ ਹੱਕ ਵਿੱਚ ਭੁਗਤੇਗੀ ਮੇਰੀ ਕਹਾਣੀ।

ਪਤਾ ਨਹੀਂ ਉਹੜੀ ਜਿਹੀ ਸੋਚ ਦਿਮਾਗ ਵਿੱਚ ਆ ਵੜਦੀ ਹੈ ਜਿਹੜੀ ਕਦੇ ਵੀ ਸੋਚੀ ਨਹੀਂ ਜਾ ਸਕਦੀ ਸੋਹਲ ਕਿਤੇ ਅੱਤਵਾਦੀ......। ਨਹੀਂ। ਉਹ ਤੋਂ ਤਾਂ ਕੁੱਤੇ ਦੇ ਸੋਟੀ ਨਹੀਂ ਸੀ ਵੱਜਦੀ। ਉਹ ਤਾਂ ਘਰਦਿਆਂ ਤੋਂ ਵੀ ਜਦੋਂ ਰੋਟੀ ਮੰਗਦਾ ਸੀ ਤਾਂ ਸੰਗਕੇ ਜਿਹੇ। ਇਹੋ ਜਿਹੀ ਘਟੀਆ ਸੋਚ ਦਾ ਉਹ ਮਾਲਕ ਨਹੀਂ ਹੋ ਸਕਦਾ।

ਫਿਰ ਹੋਰ ਪਾਸੇ ਉਸੇ ਪਹਿਲਾਂ ਵਾਲੀ ਸੋਚ ਵੱਲ ਪਰਤ ਪੈਂਦਾ ਹਾਂ, ਕਿ ਪਲਾਟ ਤਾਂ ਠੀਕ ਹੈ। ਪਰ ਮੈਂ ਇਸਨੂੰ ਕਿਸ ਮੋੜ ਉੱਪਰ ਲਿਜਾਕੇ ਖ਼ਤਮ ਕਰਾਂਗਾ। ਕੀ ਅੰਤ ਉਪਰ ਜਾ ਕੇ ਇਹਨਾਂ ਕਰੈਕਟਰਾਂ ਨੂੰ ਇਉਂ ਹੀ ਮਾਰ ਦੇਵਾਂਗਾ। ਇਉਂ ਤਾਂ ਕੋਈ ਗੱਲ ਨਹੀਂ ਸੁਣਨੀ। ਗੱਲ ਵਿੱਚ ਤਲਖੀ ਤਾਂ ਹੋਣੀ ਹੀ ਚਾਹੀਦੀ ਹੈ ਸਿਰਫ ਬੇਦੋਸ਼ੇ ਹੋਣ ਕਰਕੇ ਮਾਰੇ ਜਾਣ ਕਾਰਨ ਕਹਾਣੀ ਤਾਂ ਬਣ ਨਹੀਂ ਜਾਣੀ। ਸਗੋਂ ਉਹ ਤਾਂ ਇੱਕ ਰਿਪੋਰਟ ਜਿਹੀ ਬਣ ਜਾਵੇਗੀ। ਜੇ ਇੰਞ ਹੀ ਲਿਖਣਾ ਹੈ ਤਾਂ ਇਹੋ ਜਿਹੀਆਂ ਰਿਪੋਰਟਾਂ ਤਾਂ ਹਜ਼ਾਰਾਂ ਲਿਖੀਆਂ ਜਾ ਰਹੀਆਂ ਹਨ।

ਮੇਰੀ ਵੀ ਉਹਨਾਂ ਵਿੱਚ ਹੀ ਸ਼ਾਮਲ ਹੋ ਜਾਵੇਗੀ।

ਸੋਚਦਾ ਹਾਂ ਕਿ ਪਾਤਰ ਕੁਝ ਅਜਿਹੇ ਪੈਦਾ ਹੋਣ ਕਿ ਇੱਕ ਅਜਿਹੇ ਪ੍ਰਾਸੈਂਸ ਚੋਂ ਗੁਜ਼ਰਨ ਜੋ ਉਹਨਾਂ ਕਦੀ ਸੋਚਿਆ ਵੀ ਨਾ ਹੋਵੇ। ਅਤੇ ਇਹੋ ਜਿਹਾ ਕੁਝ ਗੁਜ਼ਰਨ ਤੋਂ ਬਾਅਦ ਹੀ ਕਹਾਣੀ ਦੀ ਗੱਲ ਬਣੇਗੀ।

ਅਚੇਤ ਹੀ ਵਹਿਣਾਂ ਵਿੱਚ ਵਹਿ ਜਾਂਦਾ ਹਾਂ।

ਅਜਮੇਰ ਅਤੇ ਸ਼ਮਸ਼ੇਰ ਵਰਗੇ ਹੋਰ ਵੀ ਤਾਂ ਅਨੇਕਾਂ ਹਨ ਜੋ ਇਸ ਅੰਨ੍ਹੇ ਜਨੂੰਨ ਦਾ ਸਿਕਾਰ ਹੋ ਰਹੇ ਹਨ।

ਇਹ ਹਿੰਸਾ ਦਾ ਦੌਰ ਕਦੋਂ ਰੁਕੇਗਾ ?

ਕੀ ਇਹ ਸਰਕਾਰਾਂ ਇਸ ਲਈ ਕੁਝ ਵੀ ਨਹੀਂ ਕਰਨਗੀਆਂ ?

ਹੱਸਦਾ, ਖੇਡਦਾ, ਲੁੱਡੀਆਂ ਪਾਉਂਦਾ ਦੇਸ਼ ਸੀ।

ਕੁਝ ਜਨੂੰਨੀਆਂ ਨੂੰ ਸੋਨੇ ਦੇ ਪੱਤਰੇ ਖਾਣ ਦੀ ਆਦਤ ਪੈ ਗਈ ਅਤੇ ਉਹਨਾਂ ਨੂੰ ਗੂੰਹ ਆਉਣਾ ਬੰਦ ਹੋ ਗਿਆ।

ਫਿਰ ਕੀ ਹੋਇਆ ਇਹ ਤੁਹਾਨੂੰ ਸਭ ਨੂੰ ਹੀ ਪਤਾ ਹੈ। ਉਹਨਾਂ ਅੰਦਰਲਾ ਇਨਸਾਨ ਮਰਦਾ ਗਿਆ ਹੈ ਅਤੇ

ਉਹ ਸੋਨੇ ਦੇ ਬਣ ਗਏ।

ਆਪਣੇ ਹੀ ਪਰਛਾਵਿਆਂ ਉੱਪਰ ਪੈਂਦੀ ਲਿਸ਼ਕ ਨਾਲ ਉਹਨਾਂ ਨੂੰ ਏਨਾਂ ਹੰਕਾਰ ਹੋ ਗਿਆ, ਕਿ ਹੁਣ ਕੋਈ ਨਹੀਂ ਵਿਗਾੜ ਸਕਦਾ। ਪਰ ਉਹ ਇਹ ਨਹੀਂ ਜਾਣਦੇ ਕਿ ਚੂਨੇ 'ਚ ਖੜੇ ਗੁੰਬਦਾਂ ਦੀ ਵੀ ਇੱਕ ਉਮਰ ਹੁੰਦੀ ਹੈ ਜੋ ਉਹ ਹਿੱਕ ਚੁੱਕੀ ਰੱਖਦੇ ਹਨ।

ਬਹੁਤਿਆਂ ਨੂੰ ਲਾਲਚ ਹੋ ਗਿਆ।

ਬੱਸ ਇਹੋ ਗੱਲ ਦਿਮਾਗ ਉੱਪਰ ਤਾਂ ਗਈ ਕਿ ਜੇ ਸੋਨੇ ਦੇ ਬਣੀਏ ਤਾਂ ਹੀ ਠੀਕ ਹੈ।

ਕੀ ਕੀਤਾ–ਇਉਂ ਬਣਨ ਦਾ ਪਹਿਲਾ ਹੱਕ ਉਨ੍ਹਾਂ ਸੜਕਾਂ ਉਪਰ ਖ਼ੂਨ ਡੋਹਲਣ ਦਾ ਸਮਝਿਆ।

ਹਨੇਰੀ ਉਨ੍ਹਾਂ ਆਪਣੀਆਂ ਉਂਗਲਾਂ ਨਾਲ ਬੰਨ ਲਈ।

ਤੂਫ਼ਾਨ ਉਹਨਾਂ ਆਪਣੇ ਪੈਰਾਂ ਨਾਲ ਖੇਡਣ ਲਾ ਲਏ।

ਦੇਸ਼ ਵਿਚ ਲੁੱਟਾਂ ਹੋਣ ਲੱਗ ਪਈਆਂ।

ਹਜ਼ਾਰਾਂ ਬੇਦੋਸ਼ਿਆਂ ਦਾ ਖ਼ੂਨ ਡੁੱਲ੍ਹਿਆ।

ਇਸ ਅੰਦਰ ਅਜਮੇਰ ਅਤੇ ਸ਼ਮਸ਼ੇਰ ਵੀ ਅਲੋਪ ਹੋ ਗਏ।

ਮਿੱਟੀ ਉਹਨਾਂ ਦੀ ਸੈਂਤੀ ਜਾ ਚੁੱਕੀ ਸੀ ਅਤੇ ਹੁਣ ਤਾਂ ਮਿੱਟੀ ਨੂੰ ਸਮਰਪਿਤ ਵੈਣ ਹੀ ਬਾਕੀ ਸਨ।

ਦਰਾਣੀ–ਜਠਾਣੀ ਜੋ ਸਾਰਾ ਦਿਨ ਗੁੱਡੀ ਦਾ ਦਾਜ ਤਿਆਰ ਕਰਦੀਆਂ–ਤਾਂ ਸਿਰਫ ਆਪਣੇ ਸਿਰਾਂ ਦੇ ਸਾਈਂਆਂ ਦੀਆਂ ਚਿਖਾਵਾਂ ਲੇਖੇ ਲੱਗ ਚੁੱਕੀਆਂ ਸਨ।

ਗੁੱਡੀ–ਜਿਸ ਨੂੰ ਅਜੇ ਪਤਾ ਵੀ ਨਹੀਂ ਸੀ, ਵੈਣ ਕਿੰਝ ਪਾਈਦੇ ਨੇ, ਉਹ ਵੀ ਉਚੇ ਹਟਕੋਰਿਆਂ ਦੇ ਭਾਰ ਹੇਠ ਦਬ ਗਈ।

ਵਾਲ ਪੁੱਟਦੀ ਤਾਂ ਸੀ, ਪਰ ਗੁਆਂਢਣਾਂ ਨਹੀਂ ਪੁੱਟਣ ਦਿੰਦੀਆਂ ਸਨ।

ਛੋਟਾ ਭਰਾ ਸਿਲ–ਪੱਥਰ ਹੀ ਤਾਂ ਬਣ ਗਿਆ ਸੀ। ਬੱਸ ਪੱਥਰ ਉਪਰ ਬੈਠਾ ਰਹਿੰਦਾ, ਅਤੇ ਸਿਲ ਟੋਕ ਕੰਧਾਂ ਵੱਲ ਤੱਕਦਾ ਰਹਿੰਦਾ।

ਪਤਨੀ ਨੇ ਪਲਾਟ ਤਾਂ ਵਧੀਆ ਦੱਸਿਆ ਸੀ, ਪਰ ਸਮਝ ਨਹੀਂ ਸੀ ਆ ਰਿਹਾ ਕਿ ਇਸਨੂੰ ਨੇਪਰੇ ਕਿਵੇਂ ਲਾਵਾਂ ? ਬੱਸ ਵਕਤ ਹੀ ਨਹੀਂ ਮਿਲਦਾ। ਦਿਨੇ ਦਫਤਰ ਤੇ ਸ਼ਾਮੀਂ ਉਹਨਾਂ ਦੇ ਘਰੋਂ ਰੋਣ ਦੀ ਆਵਾਜ਼ ਲਿਖਣ ਲਈ ਝੰਜੋੜ ਨਹੀਂ ਸੀ ਰਹੀ ਸਗੋਂ ਹੱਥੋਂ ਕਲਮ ਖੋਹ ਰਹੀ ਸੀ।

ਇਹ ਗੱਲ ਨਹੀਂ ਸੀ ਕਿ ਉਹਨਾਂ ਦਾ ਮਰਨਾ ਮੇਰੇ ਲਈ ਵਧੀਆ ਸੀ। ਕਿ ਮੈਨੂੰ ਇੱਕ ਪਲਾਟ ਮਿਲ ਗਿਆ ਸੀ। ਉਹਨਾਂ ਤੋਂ ਪਹਿਲਾਂ ਵੀ ਤਾਂ ਕਿੰਨੇ ਮਾਰੇ ਜਾ ਚੁੱਕੇ ਹਨ। ਉਹਨਾਂ ਬਾਰੇ ਵੀ ਲਿਖਿਆ ਜਾ ਸਕਦਾ ਸੀ। ਪਰ ਉਹਨਾਂ ਦਾ ਗੁਆਂਢੀ ਅਤੇ ਵਧੀਆ ਸਹਿਚਾਰ ਹੋਣ ਕਰਕੇ ਕੁਝ ਸੋਚਣ ਲਈ ਮਜਬੂਰ ਹੋ ਗਿਆ ਸੀ। ਸ਼ਾਮ ਨੂੰ ਰੋਟੀ ਖਾਣ ਤੋਂ ਬਾਅਦ ਮੈਂ ਵੀ ਉਹਨਾਂ ਦੇ ਘਰ ਚਲਾ ਗਿਆ ਘਰ ਕਾਹਦਾ ਸੀ ਇੱਕ ਕਿਲਾ ਹੀ ਤਾਂ ਸੀ।

ਕਿੰਨਾ ਵਧੀਆ ਕੰਮ ਚਲਦਾ ਸੀ। ਦੋ ਟਰੈਕਟਰ ਰੱਖੇ ਸਨ, ਅਤੇ ਸੀਰੀ ਰਲਾ ਕੇ ਅਜਮੇਰ ਅਤੇ ਸ਼ਮਸ਼ੇਰ ਨੇ ਪੂਰੀ ਮਿਹਨਤ ਅਤੇ ਲਗਨ ਨਾਲ ਖੇਤੀ ਦਾ ਕੰਮ ਸੰਭਾਲਿਆ ਹੋਇਆ ਸੀ। ਜਦੋਂ ਸ਼ਾਮ ਨੂੰ ਸਾਰੇ ਨਵੇਂ ਵਿਹੜੇ ਵਿੱਚ ਇਕੱਠੇ ਬਹਿਕੇ ਰੋਟੀ ਖਾਂਦੇ ਸਨ, ਹੱਸਦੇ ਸਨ। ਤਾਂ ਮੈਂ ਅਤੇ ਮੇਰੀ ਪਤਨੀ ਕੋਠੇ ਉਪਰ ਬੈਠੇ ਬਹੁਤ ਹੀ ਖੁਸ਼ ਹੋ ਜਾਇਆ ਕਰਦੇ ਸਾਂ। ਅਜਮੇਰ ਦੇ ਦੋ ਕੁੜੀਆਂ ਅਤੇ ਦੋ ਮੁੰਡੇ ਸਨ, ਸ਼ਮਸ਼ੇਰ ਦੇ ਦੋ ਮੁੰਡੇ ਅਤੇ ਇੱਕ ਕੁੜੀ ਅਜਮੇਰ ਨੇ ਇੱਕ ਮੁੰਡਾ ਅਤੇ ਇੱਕ ਕੁੜੀ ਵਿਆਹ ਦਿੱਤੇ ਸਨ ਅਤੇ ਸ਼ਮਸ਼ੇਰ ਦੇ ਘਰ ਇਹ ਪਹਿਲਾ ਸ਼ਗਨ ਸੀ। ਰੱਬ ਨੇ ਇਹ ਕੀ ਕੀਤਾ। ਹੱਸਦੇ ਵੱਸਦੇ ਘਰ ਵਿਚ ਇਹ ਕੀ ਕਹਿਰ ਵਰਤਾ ਦਿੱਤਾ। ਸੋਚਦੇ ਸੋਚਦੇ ਮੇਰਾ ਵੀ ਰੋਣ ਨਿਕਲ ਆਇਆ।

ਮੇਰੇ ਸਮੇਤ ਹੋਰ ਵੀ ਬਹੁਤ ਸਨ ਜੋ ਪੱਥਰ ਦੀ ਮਿੱਟੀ ਫਰੋਲਦੇ ਆਪਣੇ ਖੇਤਾਂ ਦੀਆਂ ਫਸਲਾਂ ਨੂੰ ਲੱਗਣ ਵਾਲੀਆਂ ਬੀਮਾਰੀਆਂ ਜਾਂ ਕਿਸੇ ਨਵੀਂ ਖਰੀਦ ਦੀ ਨੀਂਹ ਲੱਭ ਰਹੇ ਸਨ।

ਬੈਠਿਆਂ ਬੈਠਿਆਂ ਲਕਾਂ ਦੀਆਂ ਗੱਲਾਂ ਸੁਣਦਿਆਂ ਕਾਫ਼ੀ ਹਨੇਰਾ ਹੋ ਗਿਆ। ਮੈਂ ਉੱਠਣ ਹੀ ਲੱਗਿਆ ਸੀ। ਕਿ ਸਭ ਗੱਲਾਂ ਕਰਦੇ ਕਰਦੇ ਇੱਕ ਦਮ ਖਾਮੋਸ਼ ਹੋ ਗਏ। ਮੈਂ ਬੂਹੇ ਵੱਲ ਵੇਖਿਆ ਤਾਂ ਦੋ ਆਦਮੀਆਂ ਸਮੇਤ ਸੋਹਲ ਅੰਦਰ ਆ ਰਿਹਾ ਸੀ।

ਹੋਰ ਲੋਕ ਪਤਾ ਨਹੀਂ ਕੀ ਸੋਚਦੇ ਹੋਣਗੇ ਪਰ ਮੈਂ ਉਹਦੇ ਚਿਹਰੇ ਤੋਂ ਇਹ ਪੜ੍ਹ ਰਿਹਾ ਸੀ ਕਿ ਉਹ ਹੈਰਾਨ ਹੈ ਅਤੇ ਸੋਚ ਰਿਹਾ ਹੈ ਇਹ ਸਭ ਮਾਜਰਾ ਕੀ ਹੈ ?

ਅਜੇ ਉਹ ਆਸੇ ਪਾਸੇ ਵੇਖਦਾ ਅੰਗਾਂਹ ਲੰਘ ਹੀ ਰਿਹਾ ਸੀ ਕਿ ਗੁੱਡੀ ਬਾਂਹ ਮਾਰਕੇ ਉਹਦੇ ਗਲ ਆ ਲੱਗੀ।

ਗੁੱਡੀ ਦੇ ਵੈਣ ਸਨ ਕਿ ਕੰਧਾਂ ਨੂੰ ਤਰੇੜਾਂ ਆ ਰਹੀਆਂ ਸਨ।

ਕੁੱਝ ਜਣੇ ਖੜੇ ਹੋਏ ਅਤੇ ਉਹਨਾਂ ਨੂੰ ਪੱਥਰ ਉਪਰ ਬਿਠਾਇਆ। ਘਰ ਦੀਆਂ ਹੋਰ ਸਾਰੀਆਂ ਬੁੜੀਆਂ ਵੀ ਆ ਕੇ ਰੋਣ ਲੱਗ ਪਈਆਂ।

ਸੋਹਲ ਮੇਰੇ ਵੱਲ ਵੇਖ ਰਿਹਾ ਸੀ। ਪਰ ਮੈਂ ਸਮਝ ਗਿਆ ਸੀ ਕਿ ਉਹ ਮੇਰੇ ਵੱਲ ਵੇਖਕੇ ਕੀ ਪੁੱਛ ਰਿਹਾ ਹੈ।

–'ਤੇਰਾ ਤਾਇਆ ਅਤੇ ਤੇਰਾ ਬਾਪੂ,'

ਉਹ ਸਿਲ–ਪੱਥਰ ਸੀ। ਪਰ ਵੇਖ ਅਜੇ ਵੀ ਮੇਰੇ ਵੱਲ ਰਿਹਾ ਸੀ। ਮੈਂ ਹੁਣ ਸਮਝ ਗਿਆਂ ਕਿ ਉਹ ਕੀ ਪੁੱਛ ਰਿਹਾ ਹੈ ?

–'ਲੁਧਿਆਣੇ ਬਜ਼ਾਰ 'ਚ ਜਿਹੜੀ ਗੋਲੀ ਚੱਲੀ ਸੀ।'

ਉਹ ਪਹਿਲਾਂ ਹੀ ਭਰਿਆ ਬੈਠਾ ਸੀ ਜਾਂ ਮੇਰੇ ਇਹਨਾਂ ਸ਼ਬਦਾਂ ਨੂੰ ਹੀ ਉਡੀਕਦਾ ਸੀ ਕਿ ਉਹ ਚੀਕ ਪਿਆ, 'ਨਹੀਂ ਭੈਣੇ ਨਹੀਂ'। ਉਹ ਚੀਕਾਂ ਮਾਰ ਰਿਹਾ ਸੀ। ਸਭ ਹੈਰਾਨ ਸਨ ਕਿ ਇਹ ਕੀ ਹੋ ਗਿਆ। ਉਹ ਬਿਲਕੁਲ ਪਾਗਲਾਂ ਹਾਰ ਭੁੱਬਾਂ ਮਾਰਕੇ ਰੋ ਰਿਹਾ ਸੀ। ਕਿਸੇ ਦਾ ਵੀ ਹੌਂਸਲਾ ਨਹੀਂ ਸੀ ਪੈ ਰਿਹਾ ਕਿ ਉਸਨੂੰ ਫੜਕੇ ਹਟਾ ਲਵੇ।

ਰੋਂਦਾ ਰੋਂਦਾ ਉਹ ਹੌਕਣ ਲੱਗ ਪਿਆ ਅਤੇ ਬੇਹੋਸ਼ ਹੋ ਕੇ ਡਿੱਗ ਪਿਆ। ਸਭ ਦੇ ਹੱਥਾਂ ਪੈਰਾਂ ਦੀ ਪੈ ਗਈ।

ਉਸ ਦੇ ਮੂੰਹ ਉਤੇ ਪਾਣੀ ਦੇ ਛਿੱਟੇ ਮਾਰਕੇ ਅਤੇ ਪੈਰਾਂ ਦੀਆਂ ਤਲੀਆਂ ਝੱਸਕੇ ਉਸ ਨੂੰ ਹੋਸ਼ ਵਿੱਚ ਲਿਆਂਦਾ ਗਿਆ। ਹੁਣ ਉਹ ਚੁੱਪ ਸੀ ਪਰ ਰੋ ਨਹੀਂ ਸੀ ਰਿਹਾ। ਲੰਮਾ ਪਿਆ ਸੀ ਅਤੇ ਇੱਕ ਟੱਕ ਛੱਤ ਵਲ ਵੇਖ ਰਿਹਾ ਸੀ।

ਕੁੱਝ ਦੇਰ ਲੋਕ ਬੈਠੇ ਰਹੇ। ਬੁੜ੍ਹੀਆਂ ਉਸਤੋਂ ਉਸ ਦੇ ਅਲੋਪ ਹੋਣ ਬਾਰੇ ਤਰ੍ਹਾਂ ਤਰ੍ਹਾਂ ਦੇ ਸਵਾਲ ਪੁੱਛ ਰਹੀਆ ਸਨ। ਪਰ ਉਹ ਖਾਮੋਸ਼ ਸੀ, ਉਸਦੀ ਖਾਮੋਸ਼ੀ ਤੋਂ ਕਈ ਕੁੱਝ ਵੀ ਅੰਦਾਜ਼ਾ ਨਹੀਂ ਸੀ ਲਾ ਸਕਿਆ। ਲੋਕ ਉੱਠਦੇ ਗਏ ਤਾਂ ਮੈਂ ਵੀ ਉੱਠਕੇ ਘਰ ਆ ਗਿਆ।

ਸੋਹਲ ਘਰ ਵੀ ਆ ਗਿਆ ਹੈ ਪਰ ਮੇਰੀ ਕਹਾਣੀ ਅਜੇ ਵੀ ਪੂਰੀ ਨਹੀਂ ਸੀ ਹੋਈ। ਮੈਂ ਮੰਜੇ ਉੱਪਰ ਪਿਆ ਕਾਫੀ ਦੇਰ ਤੱਕ ਇਹੋ ਸੋਚਦਾ ਰਿਹਾ। ਨੀਂਦ ਪਤਾ ਨਹੀਂ ਕਦੋਂ ਆਈ ਪਰ ਜਦ ਸਵੇਰੇ ਪਤਨੀ ਨੇ ਹਲੂਣ ਕੇ ਜਗ ਇਆ ਤਾਂ ਧੁੱਪਾਂ ਚੜ੍ਹ ਆਈਆਂ ਸਨ।

ਅੱਜ ਅਜਮੇਰ ਅਤੇ ਸ਼ਮਸ਼ੇਰ ਦਾ ਭੋਗ ਪੈਣਾ ਸੀ। ਮੈਂ ਚਾਹ ਪੀਂਦਾ ਹੀ ਕੰਮ ਕਰਵਾਉਣ ਲਈ ਉਹਨਾਂ ਦੇ ਘਰ ਚਲਿਆ ਗਿਆ।

ਸੋਹਲ ਦੇ ਸਾਥੀ ਕੰਮ ਕਰ ਰਹੇ ਸਨ, ਪਰ ਸੋਹਲ ਨਹੀਂ। ਉਹ ਦਰੀ ਉੱਪਰ ਇਕ ਖੂੰਜੇ ਲੱਗਾ ਬੈਠਾ ਸੀ। ਮੈਂ ਵੀ ਉਸ ਕੋਲ ਦੋ ਕੁ ਮਿੰਟ ਲਈ ਬੈਠਾ ਅਤੇ ਉੱਠਕੇ ਕੰਮ ਕਰਨ ਲੱਗ ਲਿਆ।

ਮੁਕਾਣਾਂ ਆਉਣੀਆਂ ਸ਼ੁਰੂ ਹੋ ਗਈਆਂ।

ਰੋਣ–ਧੋਣ ਜਾਰੀ ਸੀ।

ਸਾਰਾ ਦਿਨ ਏਵੇਂ ਹੀ ਹੁੰਦਾ ਰਿਹਾ ਅਤੇ ਦੋ ਵਜੇ ਭਾਈ ਜੀ ਨੇ ਭੋਗ ਪਾ ਦਿਤਾ ਅਤੇ ਮਰਨ ਵਾਲਿਆਂ ਨੂੰ ਸਰਧਾਂਜਲੀ ਦੇਣ ਲੱਗ ਪਿਆ। ਇਹ ਬੋਲ ਅਜੇ ਭਾਈ ਜੀ ਦੇ ਮੂੰਹ ਵਿਚ ਹੀ ਸਨ, 'ਵਾਹਿਗੁਰ ਦਾ ਸ਼ੁਕਰ ਹੈ ਕਿ ਸੋਹਲ ਸਿੰਘ ਘਰ ਆਇਆ ਹੈ। ਇਹ ਨਹੀਂ ਪਤਾ ਕਿਧਰੋਂ ਆਇਆ ਹੈ ਪਰ ਹੁਣ ਖੇਤੀ ਬਾੜੀ ਦਾ...।' ਕਿ ਸੋਹਲ ਨੇ ਉਸਦੇ ਮੂੰਹੋਂ ਮਾਈਕ ਖੋਹ ਲਿਆ। ਉਸਦੀ ਗੱਜਵੀਂ ਆਵਾਜ਼ ਬਨੇਰੇ ਪਾਟ ਰਹੀ ਸੀ, 'ਮੈਂ ਕਿਹੜੇ ਢੱਠੇ ਖੂਹ 'ਚੋਂ ਆਉਣਾ ਸੀ। ਮੈਂ ਈ ਆਂ, ਜਿਹੜਾ ਆਪਣੇ ਮਾਪਿਆਂ ਨੂੰ ਮਾਰਕੇ ਆਇਆ।' ਸਭ ਦੇ ਚਿਹਰਿਆਂ ਉਪਰ ਮੁਰਦੇਹਾਣੀ ਛਾਂ ਗਈ। ਹਵਾ ਸਹਿਮ ਗਈ ਪਰ ਮੈਨੂੰ ਇਉਂ ਲੱਗਾ ਜਿਵੇਂ ਮੇਰੀ ਕਹਾਣੀ ਪੂਰੀ ਹੋ ਗਈ ਹੈ। ਉਸਦਾ ਬੋਲਣਾ ਉਵੇਂ ਜਾਰੀ ਸੀ, 'ਉਹ ਨਿਭਾਗਾ ਮੈਂ ਈ ਸੀ, ਜਿਹੜਾ ਗੋਲੀਆਂ ਵਰ੍ਹਾਉਂਦੇ ਸਰੇਬਜ਼ਾਰ ਦੋ...', ਉਸਦਾ ਗਲਾ ਭਰ ਗਿਆ ਅਤੇ ਉਸ ਦੀਆਂ ਉੱਥੇ ਖੜ੍ਹੇ ਦੀਆਂ ਹੀ ਭੁੱਬਾਂ ਨਿਕਲ ਗਈਆਂ।

ਭੋਗ ਪੈ ਚੁੱਕਾ ਸੀ। ਸਭ ਸੋਹਲ ਦੇ ਦੁਆਲੇ ਸਨ। ਪਰ ਮੈਨੂੰ ਇਉਂ ਲੱਗ ਰਿਹਾ ਸੀ ਕਿ ਮੇਰੀ ਕਹਾਣੀ ਪੂਰੀ ਹੋ ਗਈ ਹੈ। ਹੁਣ ਮੈਂ ਜਾਂਦਿਆਂ ਹੀ ਸੰਪਾਦਕ ਨੂੰ ਕਹਾਣੀ ਲਿਖਕੇ ਭੇਜ ਦੇਵਾਂਗਾ ਅਤੇ ਮੇਰੀ ਰਕਮ ਖ਼ਰੀ ਹੋ ਜਾਵੇਗੀ।

ਪਰ ਇਕੇ ਦਮ ਹੀ ਮੇਰੇ ਦਿਮਾਗ ਵਿਚ ਇਹ ਗੱਲ ਉਤਰ ਆਈ ਕਿ ਕੀ ਮੈਂ ਇਹੋ ਜਿਹੇ ਘਟੀਆਂ ਇਨਸਾਨ ਨੂੰ ਨਾਇਕ ਬਣਾਉਣ ਉੱਤੇ ਤੁੱਲ ਜਾਵਾਂਗਾ। ਨਹੀਂ ਇਹੋ ਜਿਹੇ ਆਦਮੀ ਦਾ ਜ਼ਿਕਰ ਰਚਨਾ ਵਿਚ ਨਹੀਂ ਕਰਨਾ ਚਾਹੀਦਾ। ਉਸਨੂੰ ਕਿਉਂ ਨਾਇਕ ਬਣਾਇਆ ਜਾਵੇ।

ਮੈਂ ਅਜੇ ਸੋਚ ਹੀ ਰਿਹਾ ਸੀ ਕਿ ਸੋਹਲ ਨੇ ਮੇਰਾ ਮੋਢਾ ਥਾਪੜਦਿਆਂ ਕਿਹਾ, 'ਚੰਗਾ ਵੀਰੇ ਜਿਉਂਦੇ ਰਹੇ ਫੇਰ ਮਿਲਾਂਗੇ, ਹੁਣ ਆਤਮ ਸਮਰਪਣ ਤੋਂ ਇਲਾਵਾ ਕੋਈ ਚਾਰਾ ਨਹੀ।' ਮੈਂ ਸਿਰਫ ਉਹਦੇ ਮੂੰਹ ਵੱਲ ਵੇਖਿਆ, ਬੋਲਿਆ ਕੁੱਝ ਨਹੀਂ,

ਉਹ ਆਪਣੇ ਦੋਵਾਂ ਸਾਥੀਆਂ ਸਮੇਤ ਤੁਰ ਗਿਆ।

ਪਰ ਮੈਨੂੰ ਅਜੇ ਵੀ ਇਤਬਾਰ ਨਹੀਂ ਸੀ ਆ ਰਿਹਾ ਕਿ ਉਹ ਜੋ ਬੋਲਕੇ ਗਿਆ ਹੈ, ਉਹ ਕਰ ਵੀ ਲਏਗਾ। ਇਹ ਜਿਹੇ ਇਨਸਾਨ ਦਾ ਕੀ ਵਿਸਾਹ। ਹੋ ਸਕਦੈ ਪਿੰਡ ਵਾਲਿਆਂ ਨੂੰ ਉਚੱਕਾ ਦੇ ਕੇ ਬਾਹਰ ਨਿਕਲਿਆ ਹੋਵੇ। ਮੈਨੂੰ ਸੋਹਲ ਨਾਲ ਨਫਰਤ ਹੋਣ ਲੱਗ ਪਈ।

—'ਹਾਂ ਜੇ ਵਾਕਿਆ ਹੀ ਥਾਣੇ ਚਲਿਆ ਜਾਵੇ। ਫੇਰ ਤਾਂ ਕਹਾਣੀ ਦਾ ਅੰਤ ਵਧੀਆ ਹੋ ਸਕਦਾ ਹੈ। ਫੇਰ ਤਾਂ ਇਹ ਨਾਇਕ ਬਣਨ ਦਾ ਹੱਕਦਾਰ ਵੀ ਹੋਵੇਗਾ।' ਮੈਂ ਘਰ ਆ ਕੇ ਵੀ ਇਹੋ ਸੋਚਦਾ ਰਿਹਾ।

ਰਾਤ ਤੱਕ ਮੇਰਾ ਦਿਮਾਗ ਇਕੋ ਉਲਝਣ ਵਿਚ ਸੀ ਕਹਾਣੀ ਸਿਰੇ ਲੱਗੇ ਤਾਂ ਕਿਵੇਂ ?

ਸਵੇਰੇ ਬੈੱਡ ਟੀ ਦਿੰਦਿਆਂ ਪਤਨੀ ਨੇ ਅਖਬਾਰ ਖੋਹਲਕੇ ਮੇਰੇ ਅੱਗੇ ਵਿਛਾ ਦਿਤੀ; ਹੈੱਡ ਲਾਈਨਾਂ ਉਹੋ ਜੋ ਮੈਂ ਚਾਹੁੰਦਾ ਸੀ ਕਿ ਮੇਰੀ ਨਜ਼ਰਾਂ 'ਚ ਲਹਿ ਜਾਣ, 'ਸੋਹਲ ਸਿੰਘ ਸਮੇਤ ਦੋ ਹੋਰ ਅਤਿਵਾਦੀਆਂ ਵਲੋਂ ਆਤਮ ਸਮਰਪਣ"

ਮੇਰੀ ਕਹਾਣੀ ਪੂਰੀ ਹੋ ਗਈ ਸੀ। ਹੁਣੇ ਹੀ ਮੈਂ ਕਹਾਣੀ ਲਿਖਣ ਲਈ ਜਾਣਾ ਹੈ। ਕਾਹਲ ਵਿਚ ਮੈਥੋਂ ਚਾਹ ਦਾ ਵੱਡਾ ਘੁੱਟ ਭਰਿਆ ਗਿਆ ਅਤੇ ਮੇਰੇ ਬੁੱਲ੍ਹ ਮੱਚ ਗਏ।

00

## ਕਾਲ ਪੀੜਿਤ ਭੁੱਖੇ ਆਦਿਵਾਸੀਆਂ ਤੇ ਵਾਹਿਆ ਜਾ ਰਿਹਾ ਜਬਰੀ ਫੈਮਿਲੀ ਪਲੈਨਿੰਗ ਦਾ ਕੁਹਾੜਾ

ਕਾਲ ਨਾਲ ਜੂਝਦੇ ਦੱਖਣੀ ਰਾਜਸਥਾਨ ਵਿਚ ਭੁੱਖੇ ਭਟਕਦੇ ਆਦਿਵਾਸੀ ਇਸ ਵਕਤ ਬੇਹੱਦ ਲਾਚਾਰ ਹਨ। ਦੁੱਖ ਦੀ ਗਲ ਹੈ ਕਿ ਇਸ ਲਾਚਾਰੀ ਦੀ ਹਾਲਤ ਦਾ ਫਾਇਦਾ ਉਠਾਉਣ ਵਾਲੀਆਂ ਰਵਾਇਤੀ ਜਮਾਤਾਂ ਵਿਚ ਸਰਕਾਰ ਵੀ ਖੁਲਕੇ ਸ਼ਾਮਲ ਹੋ ਗਈ ਹੈ। ਉਸਨੇ ਸਹਾਇਤਾ ਯੋਜਨਾਵਾਂ ਜਥੇਬੰਦ ਕਰਨ ਵਿਚ ਤਾਂ ਕਦਮ ਕਦਮ ਤੇ ਕੋਤਾਹੀ ਵਰਤੀ ਹੈ। ਲੇਕਿਨ ਇਹ ਨੀਤੀ ਜ਼ਰੂਰ ਤਿਆਰ ਕੀਤੀ ਹੈ। ਰੋਜੀ ਰੋਟੀ ਦੀ ਇਸ ਲਾਚਾਰੀ ਦਾ ਪੂਰਾ ਫਾਇਦਾ ਉਠਾਕੇ ਭੀਲਾਂ ਦੀ ਵੱਡੀ ਪੱਧਰ ਤੇ ਨਸਬੰਦੀ ਕਰ ਦਿਤੀ ਜਾਵੇ। ਇਸ ਵਾਰ ਨਸਬੰਦੀ ਦੇ ਪਹਿਲਾਂ ਤੋਂ ਕਾਫੀ ਉੱਚੇ ਨਿਸ਼ਾਨੇ ਮਿੱਥੇ ਗਏ ਹਨ। ਇਹ ਸੋਚਕੇ ਕਿ ਕੇਵਲ ਭੁੱਖੇ ਪੇਟ ਰੁਪੈ ਅਤੇ ਕੰਮ ਦੇ ਲਈ ਲੋਕ ਨਸਬੰਦੀ ਕਰਾਉਣ ਲਈ ਮਜਬੂਰ ਹਨ ਜਾਂ ਮਜਬੂਰ ਕੀਤੇ ਜਾਣ।

ਜਿਸ ਬੇ ਰਹਿਮੀ ਤੇ ਜ਼ਲਾਲਤ ਨਾਲ ਇਸ ਕਾਲ ਮਾਰੇ ਇਲਾਕੇ ਵਿਚ ਤਿਕੋਣ ਦੇ ਇਕ ਸੂਤਰੀ ਪ੍ਰੋਗਾਮ ਤੇ ਅਮਲ ਕੀਤਾ ਜਾ ਰਿਹਾ ਹੈ ਉਸਦੀਆਂ ਗਵਾਹ ਹਨ ਕੁਝ ਸਥਾਨਿਕ ਰਿਪੋਰਟਾਂ।

ਉਦੇਪੁਰ ਵਿਚ ਗਿਰਦਾਂ ਤਹਿਸੀਲ ਵਿਚ ਇਕ ਕੈਂਪ ਵਿਚ ਸ੍ਰੀ ਮਤੀ ਐਜੀ ਬਾਈ ਦੀ ਦਰਦਨਾਕ ਮੌਤ ਹੋਈ। ਰਾਵ ਜੀ ਦਾ ਗੁੱਡਾ, ਪੰਚਾਇਤ ਚੰਦੇਸਰਾਂ ਦੀ ਨਿਵਾਸੀ ਐਸੀ ਕੰਗਾਲੀ ਤੇ ਮਜ਼ਦੂਰੀ ਦੀ ਘਾਟ ਤੋਂ ਤੰਗ ਆ ਕੇ ਪੈਸੇ ਦੀ ਗਰਜ਼ ਨਾਲ ਕੈਂਪ ਵਿਚ ਗਈ। ਪਤੀ ਪਤਨੀ ਦੇ ਦਰਮਿਆਨ ਵੀ ਇਸ ਬਾਰੇ ਵਿਚ ਗਲ-ਬਾਤ ਨਹੀਂ ਹੋਈ। ਇਹ ਔਰਤ ਚਾਰ ਮਹੀਨੇ ਦੀ ਗਰਭਵਤੀ ਸੀ ਲੇਕਿਨ ਡਾ: ਕਟਰਾਂ ਨੇ ਬਿਨਾਂ ਕਿਸੇ ਜਾਂਚ ਤੋਂ ਉਪਰੇਸ਼ਨ ਸ਼ੁਰੂ ਕਰ ਦਿਤਾ ਤੇ ਐਜੀ ਬਾਈ ਉਥੇ ਹੀ ਦਮ ਤੋੜ ਗਈ।

ਫਿਰ ਸ਼ੁਰੂ ਹੋਈ ਡਾਕਟਰਾਂ ਦੀ ਜਾਨ ਬਚਾਉਣ ਦੀ ਦੌੜ : ਇੰਚਾਰਜ ਡਾ: ਗਾਂਧੀ ਆਪਾ ਧਾਪੀ ਵਿਚ ਲਾਸ਼ ਨੂੰ ਜਨਰਲ ਹਸਤਪਾਲ ਦੀ ਬਜਾਏ ਸੇਟੇਲਾਈਟ ਡਿਸ-ਪੈਨਸਰੀ ਲੈ ਗਿਆ। ਜਿੱਥੇ ਪੋਸਟ ਮਾਰਟਮ ਵਿਚ ਮੌਤ ਦਾ ਕਾਰਨ ਖੂਨ ਵਾਲੀ ਨਾੜੀ ਫਟਣਾ ਹੈਮਰੇਜ ਦਰਜ ਕੀਤਾ ਗਿਆ ਜਦੋਂ ਕਿ ਬਹੁਤੇ ਸਪੈਸ਼ਲਿਸਟ ਇਸ ਗਲ ਨੂੰ ਮੰਨਣ ਲਈ ਸਹਿਮਤ ਨਹੀਂ ਹਨ।

ਸਵਾ ਵਿੱਘਾ ਜ਼ਮੀਨ ਦੀ ਮਾਲਕ ਐਜੀ ਬਾਈ ਦੇ ਪਤੀ ਮਾਨਾ ਭੀਲ ਨੇ ਦੱਸਿਆ ਕਿ ਪੂਰਾ ਪਰਿਵਾਰ ਐਜੀ ਵਲੋਂ ਲਿਆਂਦੀਆਂ ਗਈਆਂ ਲੱਕੜਾਂ ਨੂੰ ਵੇਚਕੇ ਹੀ ਪਲਦਾ ਸੀ, ਲੱਕੜੀ ਦੀਆਂ ਉਹ ਗੱਠਾਂ ਜੋ ਅਜੇ ਵੀ ਵਿਹੜੇ ਵਿਚ ਪਈਆਂ ਸਨ, ਵੱਲ ਇਸ਼ਾਰਾ ਕਰਕੇ ਉਸਨੇ ਕਿਹਾ ਕਿ ਪਰਿਵਾਰ ਦਾ ਆਰਥਿਕ ਅਧਾਰ ਹੀ ਗਿਆ। ਆਪਣੇ ਡੇਢ ਸਾਲਾ ਬੱਚੇ ਨੂੰ ਸੀਨੇ ਨਾਲ ਚਿੰਬਾੜੇ ਹੋਏ ਉਹ ਕਹਿ ਰਿਹਾ ਸੀ ਕਿ ਹੁਣ ਉਹ ਮਜ਼ਦੂਰੀ ਕਰੇ ਜਾਂ ਬੱਚੇ ਨੂੰ ਸੰਭਾਲੇ। ਮਾਨਾ ਨੇ ਦੱਸਿਆ ਕਿ ਘਟਨਾ ਵਾਲੇ ਦਿਨ ਕੁਝ ਅਧਿਕਾਰੀ ਮੈਨੂੰ ਉਦੇ ਪੁਰ ਲੈ ਗਏ ਤੇ ਉਥੇ ਜਾ ਕੇ ਕਿਹਾ ਕਿ 'ਭਾਈ ਪ੍ਰਮਾਤਮਾਂ ਨੇ ਕਰਤੀ' ਉਹਨਾਂ ਵਿਚੋਂ ਇਕ ਵੱਡੇ ਅਫਸਰ ਨੇ ਉਸਦੇ ਹੱਥ ਵਿਚ ਇਕ ਔਰਤ ਦੀ ਮੌਤ ਦੀ ਕੀਮਤ 5000 ਹਜ਼ਾਰ ਰੁਪੈ ਫੜਾਈ ਤੇ ਯਕੀਨ ਦੁਆਇਆ ਕਿ ਪੰਜ ਹਜ਼ਾਰ ਹੋਰ ਮਿਲ ਜਾਣਗੇ।

ਦੂਸਰੀ ਘਟਨਾ ਘਸਿਆਰ ਪਿੰਡ ਦੀ ਘੀਸੀ ਬਾਈ ਦੀ ਹੈ ਜੋ ਨਸਬੰਦੀ ਦੇ 10 ਦਿਨਾਂ ਬਾਦ ਇਸ ਦੁਨੀਆਂ ਤੋਂ ਚਲੀ ਗਈ। ਉਹਦੇ ਪਤੀ ਕਾਲੂ ਭੀਲ ਦੀ ਨਸਬੰਦੀ ਤਿੰਨ ਸਾਲ ਪਹਿਲਾਂ ਹੋ ਚੁੱਕੀ ਸੀ। ਘੀਸੀ ਬਾਈ ਨੂੰ ਅਪਰੇਸ਼ਨ ਤੋਂ ਬਾਦ ਲਗਾਤਾਰ ਉਲਟੀ ਤੇ ਤੇਜ਼ ਜਲਣ ਦੀ ਸ਼ਿਕਾਇਤ ਸੀ। ਬਾਰ ਬਾਰ ਕਹਿਣ ਤੇ ਵੀ ਕੋਈ ਉਸਨੂੰ ਸੰਭਾਲਣ ਨਹੀਂ ਆਇਆ। ਇਸ ਅਪ੍ਰੇਸ਼ਨ ਅਥਵਾ ਮੌਤ ਦਾ ਪ੍ਰੇਰਕ ਪਟਵਾਰੀ ਵੀ ਸਦਮਾਂ ਖਾ ਗਿਆ ਤੇ ਦਿਲ ਦਾ ਦੌਰਾ ਪੈਣ ਨਾਲ ਮਹੀਨਾ ਭਰ ਹਸਪਤਾਲ 'ਚ ਰਿਹਾ। ਪ੍ਰਸ਼ਾਸ਼ਨ ਨੇ ਇਸ ਮੌਤ ਦੀ ਘਟਨਾ ਨੂੰ ਦਬਾਉਣ

ਦਾ ਪੂਰਾ ਯਤਨ ਕੀਤਾ।

ਨਾਥ ਦਵਾਰਾ ਤਹਿਸੀਲ ਦੇ ਹੋਰ ਪਿੰਡ ਅਕੋਦੜਾ ਦੀ ਇਕ ਹੋਰ ਘਟਨਾ ਉਪਰੋਕਤ ਨਸਬੰਦੀ ਟੀਚੇ ਨੂੰ ਪੂਰਾ ਕਰਨ ਦੀਆਂ ਗੈਰ ਮਨੁੱਖੀ ਕੋਸ਼ਿਸ਼ਾਂ ਨੂੰ ਰੂਪਮਾਨ ਕਰਦੀ ਹੈ। ਉਥੇ ਤਲਾਅ ਤੇ ਚਲ ਰਹੀ ਰਾਹਤ ਯੋਜਨਾ ਤੇ ਮਜ਼ਦੂਰੀ ਕਰ ਰਹੀ ਇਕ 50 ਸਾਲਾ ਵਿਧਵਾ ਔਰਤ (ਸੀਖੀ ਬਾਈ) ਦੀ ਜਬਰੀ ਨਸਬੰਦੀ ਕਰ ਦਿਤੀ ਗਈ ਰਿਕਾਰਡ ਵਿਚ ਉਸਦੀ ਉਮਰ 35 ਸਾਲ ਦਰਸਾਈ ਗਈ। ਸੂਤਰਾਂ ਤੋਂ ਪਤਾ ਲੱਗਾ ਕਿ ਉਸਨੂੰ ਵਿਧਵਾ ਹੋਈ ਨੂੰ 20 ਸਾਲ ਹੋ ਗਏ ਹਨ।

ਕਾਲ ਰਾਹਤ ਯੋਜਨਾਵਾਂ ਵਿਚ ਮਜ਼ਦੂਰੀ ਦੇਣ ਲਈ ਨਸਬੰਦੀ ਕਾਰਡ ਪੂਰਵ ਸ਼ਰਤ ਰੱਖੀ ਗਈ ਹੈ ਕਿਤੇ ਮੁਆਮਲਾ ਵਸੂਲੀ, ਕਿਤੇ ਪਿੰਡ ਵਿਚ ਨਾ ਰਹਿਣ ਦੇਣ ਦੀਆਂ ਧਮਕੀਆਂ ਦਿਤੀਆਂ ਜਾ ਰਹੀਆਂ ਹਨ। ਹੈਂਡ ਪੰਪ ਤੋਂ ਲੈਕੇ ਤਲਾ ਤਕ ਦੀ ਮਜ਼ਦੂਰੀ, ਸੜਕ ਤੇ ਰਾਹਤ ਯੋਜਨਾਵਾਂ ਕੁੱਝ ਵੀ ਮੰਗਣ ਤੇ ਨਸਬੰਦੀ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਪਿੰਡਾਂ ਦੇ ਲੋਕ ਇਸ ਨਸਬੰਦੀ ਦੀ ਧੱਕੇ ਸ਼ਾਹੀ ਤੋਂ ਏਨਾਂ ਡਰੇ ਹੋਏ ਹਨ ਉਸ ਸਮੇਂ ਦੇਖਣ ਨੂੰ ਮਿਲਿਆ, ਜਦੋਂ ਕੁੰਡਾ ਪਿੰਡ ਵਿਚ ਖੁਦਾਣ ਤੇ ਕੰਮ ਕਰਦੇ ਮਜ਼ਦੂਰ 50 ਆਦਮੀ ਜੀਪ ਦੀ ਅਵਾਜ਼ ਸੁਣਕੇ ਦੂਰ ਪਹਾੜੀਆਂ ਵਿਚ ਭੱਜ ਗਏ। ਪੁੱਛਣ ਤੇ ਪਤਾ ਲੱਗਾ ਕਿ ਇਹ ਨਸਬੰਦੀ ਤੋਂ ਡਰਦੇ ਮਾਰੇ ਭੱਜੇ ਹਨ।

ਸਰਪੰਚਾਂ ਨੂੰ ਪੰਚਾਇਤ ਪੱਧਰ ਤੇ ਕੋਟੇ ਦਿਤੇ ਗਏ ਹਨ। ਉਹਨਾਂ ਨੂੰ ਪੂਰਾ ਕਰਨ ਤੇ ਉਸੇ ਅਨੁਪਾਤ ਨਾਲ ਰਾਹਤ ਯੋਜਨਾਵਾਂ ਦੀ ਮਨਜ਼ੂਰੀ ਦਿਤੀ ਜਾਂਦੀ ਹੈ। ਨਸ-ਬੰਦੀ ਦੇ ਸਹਿਮ ਨਾਲ ਸਰਕਾਰੀ ਕਰਮਚਾਰੀ ਬਹੁਤ ਬੁਰੀ ਤਰਾਂ ਪ੍ਰੇਸ਼ਾਨ ਹਨ। ਅਧਿਆਪਕਾਂ ਨੂੰ ਰੋਜ਼ ਹੀ ਵਿਕਾਸ ਅਧਿਕਾਰੀਆਂ ਦੁਆਰਾ ਧਮਕੀ ਭਰੇ ਪੱਤਰ ਮਿਲ ਰਹੇ ਹਨ। ਕੇਸ ਨਾ ਲਿਆਉਣ ਤੇ ਤਨਖਾਹ ਰੋਕਣਾ, ਛੁੱਟੀ ਨਾ ਦੇਣਾ ਤੇ ਬਦਲੀ ਆਦਿ ਸਜ਼ਾਵਾਂ ਹਨ। ਵਡਗਾਂਵ ਪੰਚਾਇਤ ਸੰਮਤੀ ਵਿਚ ਤਾਂ 20 ਅਧਿਆਪਕ ਨੌਕਰੀ ਛੱਡਕੇ ਚਲੇ ਗਏ ਹਨ। ਵਿਕਾਸ ਅਧਿਕਾਰੀ ਕਹਿੰਦੇ ਹਨ "ਸਕੂਲ ਚਲਾਉਣਾ ਜ਼ਰੂਰੀ ਨਹੀਂ ਕੌਮੀ ਪ੍ਰੋਗਰਾਮ ਜ਼ਰੂਰੀ ਹੈ"। ਸਕੂਲ ਬੰਦ ਪਏ ਹਨ। ਅਧਿਆਪਕ ਭਟਕਦੇ ਫਿਰਦੇ ਹਨ। ਵਿਦਿਆਰਥੀ ਅਵਾਰਾ ਹੋ ਰਹੇ ਹਨ ਫਿਰ ਉਹਨਾਂ ਦੀ ਅਖੌਤੀ ਪ੍ਰੀਖਿਆ ਲੈ ਲਈ ਜਾਊਗੀ ਤੇ ਨਾਂ ਅਗਲੀ ਕਲਾਸ ਦੇ ਰਜਿਸਟਰ ਤੇ ਚੜ੍ਹਾ ਦਿੱਤੇ ਜਾਣਗੇ।

ਦਰਅਸਲ, ਪਰਿਵਾਰ ਨਿਯੋਜਨ ਪ੍ਰੋਗਰਾਮ ਦੇ ਸੰਚਾਲਣ ਦੁਆਰਾ ਸਰਕਾਰ ਕੁਦਰਤੀ ਆਫਤਾਂ ਵਿਚ ਘਿਰੇ ਬੇ ਸਹਾਰਾ ਪੇਂਡੂ ਗਰੀਬਾਂ ਨਾਲ ਜਾਨਵਰਾਂ ਵਰਗਾ ਸਲੂਕ ਕਰ ਰਹੀ ਹੈ। ਇਹ ਘੋਰ ਗ਼ੈਰ-ਇਨਸਾਨੀਅਤ ਤੇ ਦਰਦਹੀਨਤਾ ਦੀ ਜਿਉਂਦੀ ਜਾਗਦੀ ਮਿਸਾਲ ਹੈ। ਜਿਸਨੂੰ "ਜਨਤਾ ਦੀ ਸਰਕਾਰ ਪੇਸ਼ ਕਰ ਰਹੀ ਹੈ।"

ਮੂਲ ਲੇਖਕ : ਅਰੁਣ
ਪੰਜਾਬੀ ਰੂਪਕਾਰ : ਕਾ: ਮੱਖਣ ਸਿੰਘ ਸਰਾਵਾਂ
(ਸਮਕਾਲੀਨ ਜਨ ਸੰਘਰਸ਼ ਵਿਚੋਂ ਧੰਨਵਾਦ ਸਹਿਤ)

## "ਦਰਿੰਦੇ ਸ਼ਰਮਾਉਂਦੇ ਹਨ, ਪੁਲਸ ਦੀ ਦਰਿੰਦਗੀ ਸੁਣਕੇ"

ਲਖਨਊ :-24 ਜੁਲਾਈ ਹਰਦੋਈ ਜ਼ਿਲੇ ਦੇ ਵਿਹਟਾ ਗੋਕਲ ਥਾਨੇ ਨੇ ਦਰਿੰਦਗੀ ਅਤੇ ਵਹਿਸ਼ੀਪੁਣੇ ਦੀਆਂ ਘਟਨਾਵਾਂ ਵਿਚ ਇਕ ਹੋਰ ਰਿਕਾਰਡ ਕਾਇਮ ਕੀਤਾ ਹੈ।

ਪੁਲਸ ਨੇ ਉਸ ਔਰਤ ਦੀ ਰਿਪੋਰਟ ਤੱਕ ਨਾ ਲਿਖੀ, ਜਿਸਦੀ ਮਾਂਗ ਦਾ ਸੰਧੂਰ ਪੂੰਝ ਦਿਤਾ ਗਿਆ ਸੀ। ਜਿਸ ਦੇ ਬੱਚੇ ਅਨਾਥ ਹੋ ਗਏ ਸਨ। ਪਰੰਤੂ ਇਸ ਦੇ ਉਲਟ ਪੁਲਸ ਦੁਆਰਾ ਮਾਰੇ ਗਏ ਵਿਅਕਤੀ ਦੀ 35 ਵਰ੍ਹੇ ਦੀ ਪਤਨੀ ਅਤੇ ਪਰਿਵਾਰ ਦੀਆਂ 20-25 ਵਰ੍ਹੇ ਦੀਆਂ ਤਿੰਨ ਔਰਤਾਂ ਨੂੰ ਕਮਰੇ ਵਿਚ ਬੰਦ ਕਰਕੇ ਉਹਨਾਂ ਦੇ ਗੁਪਤ ਅੰਗਾਂ ਵਿਚ ਪੈਟਰੋਲ ਅਤੇ ਮਿਰਚਾਂ ਪਾ ਕੇ ਤਸੀਹੇ ਦਿੰਦੀ ਰਹੀ। ਇਹ ਕਿੱਸਾ ਹਰਦੋਈ ਜ਼ਿਲੇ ਦੇ ਦੌਲਤ ਪੁਰ ਪਿੰਡ ਨਿਵਾਸੀ ਇਕ ਹਰੀਜਨ ਪਰਿਵਾਰ ਦਾ ਹੈ। ਇਸ ਪਰਿਵਾਰ ਦੇ 75 ਵਰ੍ਹੇ ਦੇ ਮੁਖੀ ਸ੍ਰੀ ਤਿਲਕ ਪੁਲਸ ਦੇ ਭੈਅ ਤੋਂ ਡਰਦੇ ਆਪਣੇ ਪਰਿਵਾਰ ਸਮੇਤ ਦੌੜਕੇ ਲਖਨਊ ਆ ਗਏ ਹਨ। ਉਸਦੇ ਨਾਲ ਦੌੜਕੇ ਆਏ ਪਰਿਵਾਰ ਵਿਚ ਤਿਲਕ ਦੀ ਪਤਨੀ ਸ੍ਰੀ ਮਤੀ ਡਿਲੋ (60 ਸਾਲ) ਮਰ ਚੁੱਕੇ ਜਦੁਨੰਦਨ ਦੀ ਵਿਧਵਾ ਸ੍ਰੀ ਮਤੀ ਮੈਨਾ ਦੇਵੀ (35 ਸਾਲ) ਮਿਰਤਕ ਦਾ ਪੁਤਰ ਮਹਿੰਦਰ (10 ਸਾਲ) ਤਿਲਕ ਦਾ ਪੁਤਰ ਰਾਮ ਚੰਦਰ ਉਸ ਦੀ ਪਤਨੀ ਰਾਮ ਦੇਵੀ (20 ਸਾਲ) ਰਾਮ ਰਤਨ ਉਸ ਦੀ ਪਤਨੀ ਸ੍ਰੀ ਮਤੀ ਮਾਇਆ ਦੇਵੀ (25 ਸਾਲ) ਰਾਮ ਪ੍ਰਕਾਸ਼ ਅਤੇ ਤਿੰਨ ਦੁੱਧ ਚੁੰਘਦੇ ਬੱਚੇ।

ਸ੍ਰੀ ਤਿਲਕ ਨੇ ਪੁਲਸ ਦੀ ਦਾਸਤਾਂ ਸਨਾਉਂਦੇ ਹੋਏ ਕਿਹਾ ਕਿ 17 ਜੂਨ 1986 ਨੂੰ ਉਹਨਾਂ ਨੂੰ ਚਰ-ਵਾਹਿਆਂ ਦੁਆਰਾ ਪਤਾ ਲੱਗਿਆ ਕਿ ਉਸ ਦੇ ਪੁਤਰ ਜਦੁਨੰਦਨ ਦੀ ਲਾਸ਼ ਉਮਰੌਲੀ ਅਤੇ ਦੌਗਲਪੁਰ ਪਿੰਡ ਦੇ ਵਿਚਕਾਰ ਗੰਨੇ ਦੇ ਖੇਤ ਵਿਚ ਪਈ ਹੈ। ਉਹਨਾਂ ਨੇ ਉਥੇ ਜਾ ਕੇ ਲਾਸ਼ ਦੀ ਸ਼ਨਾਖਤ ਕੀਤੀ ਅਤੇ ਬਾਅਦ ਵਿਚ ਆਪਣੇ ਪੁੱਤਰ ਦੀ ਹੱਤਿਆ ਹੋ ਜਾਣ ਦੇ ਮਾਮਲੇ

ਦੀ ਰਿਪੋਰਟ ਲਿਖਾਉਣ ਥਾਨਾ ਵੇਹਟਾ ਗੋਕਲ ਪਹੁੰਚੇ, ਜਿਥੇ ਉਹਨਾਂ ਦੀ ਭੇਂਟ ਥਾਨਾ ਅਧਿਕਾਰੀ ਸ੍ਰੀ ਰਾਧੇ ਸ਼ਿਆਮ 'ਸ਼ਰਮਾ' ਅਤੇ ਇਕ ਹੋਰ ਦਰੋਗਾ ਸ੍ਰੀ ਪਾਂਡੇ ਨਾਲ ਹੋਈ। ਰਿਪੋਰਟ ਲਿਖਣਾ ਤਾਂ ਦੂਰ ਰਿਹਾ, ਉਸੇ ਸਮੇਂ ਦੋਨੋਂ ਅਧਿਕਾਰੀਆਂ ਨੇ ਤਿਲਕ ਨੂੰ ਥਾਣੇ ਵਿਚ ਰੋਕ ਲਿਆ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਵੀ ਘਰ ਤੋਂ ਫੜਕੇ ਥਾਨੇ ਲੈ ਆਏ। ਰਾਤ ਨੂੰ ਵੀ ਥਾਨੇ ਦੇ ਪੁਲਸ ਕਰਮਚਾਰੀਆਂ ਨੇ ਪਰਿਵਾਰ ਦੀ ਜਬਰਦਸਤ ਕੁਟਾਈ ਸ਼ੁਰੂ ਕਰ ਦਿਤੀ। ਪੁਲਸ ਨੇ ਪਰਿਵਾਰ ਵਾਲਿਆਂ ਨੂੰ ਜਦੁਨੰਦਨ ਦੀ ਹੱਤਿਆ ਕਬੂਲ ਕਰਨ ਵਾਸਤੇ ਮਜਬੂਰ ਕੀਤਾ। ਘਰ ਵਾਲੇ ਰੋਂਦੇ ਗਿੜਗਿੜਾਂਦੇ ਰਹੇ ਕਿ ਹਜ਼ੂਰ ਅਸੀਂ ਤਾਂ ਇਹ ਰਿਪੋਰਟ ਲਿਖਾਉਣ ਆਏ ਸੀ ਕਿ ਹੱਤਿਆ ਭੋਲਾ, ਜਗਰਾਮ, ਰਾਮ ਚਰਨ ਅਤੇ ਪ੍ਰਸਾਦੀ ਨੇ ਕੀਤੀ ਹੈ। ਉਹਨਾਂ ਨੇ ਪੁਲਸ ਨੂੰ ਦੱਸਿਆ ਕਿ ਉਪਰੋਕਤ ਲੋਕਾਂ ਨੇ 17-18 ਫ਼ਰਵਰੀ 1977 ਦੀ ਰਾਤ ਨੂੰ ਸਾਡੇ ਘਰ ਵਿਚ ਡਾਕਾ ਮਾਰਿਆ ਸੀ। ਜਿਸਦੀ ਰਿਪੋਰਟ ਉਨ੍ਹਾਂ ਨੇ ਠਾਣੇ 'ਚ ਦਰਜ ਕਰਵਾਈ ਸੀ, ਉਸਦੀ ਅਦਾਲਤ ਵਿਚ ਪੈਰਵਾਈ ਵੀ ਕੀਤੀ ਸੀ। ਸਿੱਟੇ ਵਜੋਂ ਅਦਾਲਤ ਨੇ ਭੋਲਾ ਤੇ ਪ੍ਰਸ਼ਾਦੀ ਨੂੰ ਇਕ ਇਕ ਸਾਲ ਦੀ ਕੈਦ ਅਤੇ ਜੁਰਮਾਨਾ ਕੀਤਾ ਸੀ। ਇਸੇ ਤਰਾਂ 28 ਅਪਰੈਲ 1978 ਨੂੰ ਉਪਰੋਕਤ ਲੋਕਾਂ ਨੇ ਹੀ ਪਰਿਵਾਰ ਦੇ ਮੁਖੀ ਤਿਲਕ ਨੂੰ ਇੰਨਾ ਮਾਰਿਆ ਸੀ ਕਿ ਉਸਦਾ ਹੱਥ ਟੁੱਟ ਗਿਆ ਸੀ। ਇਸ ਦੀ ਰਿਪੋਰਟ ਵੀ ਥਾਨੇ ਦਰਜ ਕਰਾਈ ਗਈ ਅਤੇ ਅਦਾਲਤ ਵਿਚ ਇਸ ਮੁਕੱਦਮੇ ਦੀ ਪੈਰਵਾਈ ਵੀ ਕੀਤੀ ਗਈ ਸੀ। ਸਿੱਟੇ ਵਜੋਂ ਅਦਾਲਤ ਵਲੋਂ ਇਨਾਂ ਵਿਅਕਤੀਆਂ ਨੂੰ ਇਕ ਇਕ ਸਾਲ ਦੀ ਜੇਲ੍ਹ ਅਤੇ 200, 200 ਰੁਪਏ ਦਾ ਜੁਰਮਾਨਾ ਕੀਤਾ ਗਿਆ ਸੀ। ਪਰਿਵਾਰ ਵਾਲਿਆਂ ਨੇ ਦੱਸਿਆ ਇਸ ਰੰਜਸ਼ ਦੇ ਕਾਰਨ ਹੀ ਜਦੁਨੰਦਨ ਦੀ ਹੱਤਿਆ ਕੀਤੀ ਗਈ। ਉਧਰ ਵਿਹਟਾ ਗੋਕਲ ਥਾਨੇ ਦੀ ਪੁਲਸ ਨੇ ਭੋਲਾ, ਪ੍ਰਸ਼ਾਦੀ, ਜਗਰਾਮ ਅਤੇ ਰਾਮ ਸ਼ਰਨ ਨੂੰ ਥਾਨੇ ਬੁਲਾਇਆ । ਉਹਨਾਂ ਨੂੰ ਮਾਹਿਮਾਨਾਂ ਦੀ ਤਰ੍ਹਾਂ ਬਿਠਾਇਆ ਅਤੇ ਗੁਪਤ ਬਾਤ ਚੀਤ ਕਰਕੇ ਉਹਨਾਂ ਨੂੰ ਬਾਇਜ਼ਤ ਵਾਪਿਸ ਭੇਜ ਦਿਤਾ। ਇਸ ਤੋਂ ਬਾਅਦ ਤਿਲਕ ਦੇ ਪਰਿਵਾਰ ਵਾਲਿਆਂ ਦੀ ਰਿਪੋਰਟ ਦਾ ਸਿਲ-ਸਿਲਾ ਸ਼ੁਰੂ ਹੋ ਗਿਆ। ਮਾਰ ਕੁੱਟ ਅਤੇ ਤਸੀਹਿਆਂ ਦਾ ਸਿਲਸਿਲਾ ਜਦੁਨੰਦਨ ਦੀ ਹੱਤਿਆ ਤੋਂ ਬਾਅਦ 25 ਜੂਨ 86 ਤੱਕ ਚਲਦਾ ਰਿਹਾ ਅਤੇ ਹਵਾਲਾਤ ਅਤੇ ਥਾਨੇ ਦੀਆਂ ਕੋਠੜੀਆਂ ਵਿਚ ਬੰਦ ਤਿਲਕ ਅਤੇ ਉਸਦੇ ਤਿੰਨਾਂ ਪੁੱਤਰਾਂ ਉਪਰ ਪੁਲਸ ਦੀਆਂ ਲਾਠੀਆਂ ਵਰ੍ਹਦੀਆਂ ਰਹੀਆਂ ਇੰਨਾ ਹੀ ਨਹੀਂ ਤਿਲਕ ਦੀ 60 ਸਾਲਾ ਪਤਨੀ ਸ੍ਰੀ ਮਤੀ ਡਿਲੋ ਅਤੇ ਤਿੰਨ ਵਹੁਟੀਆਂ ਸ੍ਰੀ ਮਤੀ ਰਾਮ ਦੇਵੀ, ਮਾਇਆ ਦੇਵੀ ਅਤੇ ਮੈਨਾ ਦੇਵੀ ਨੂੰ ਥਾਨੇ ਵਿਚ ਖੁਲ੍ਹੇ ਆਮ ਨੰਗਾ ਕਰਕੇ ਕੁੱਟਿਆ ਜਾਂਦਾ ਰਿਹਾ ਅਤੇ ਗੁਪਤ ਅੰਗਾਂ ਵਿਚ ਮਿਰਚਾਂ ਅਤੇ ਪੈਟਰੋਲ ਪਾਇਆ ਜਾਂਦਾ ਰਿਹਾ। ਮਿਰਤਕ ਜਦੁਨੰਦਨ ਦੇ 10 ਸਾਲਾ ਬੱਚੇ ਮਹਿੰਦਰ ਦੇ ਵੀ ਹੱਥ ਪੈਰ ਤੋੜਨ ਤੇ ਪੁਲਸ ਨੂੰ ਕੋਈ ਦਇਆ ਨਹੀਂ ਆਈ। ਪਰਿਵਾਰ ਵਾਲਿਆਂ ਦੀ ਕੁਰਲਾਹਟ ਅਤੇ ਪੀੜਾਂ ਸੁਣਕੇ ਥਾਨੇ ਦੇ ਪੁਲਸ ਕਰਮ-ਚਾਰੀ ਖੁਸ਼ ਹੁੰਦੇ ਰਹੇ ਅਤੇ ਹੱਤਿਆ ਕਬੂਲ ਕਰਨ ਵਾਸਤੇ ਉਹਨਾਂ ਨੂੰ ਮਜਬੂਰ ਕਰਦੇ ਰਹੇ। 25 ਜੂਨ 1986 ਨੂੰ ਮਿਰਤਕ ਜਦੁਨੰਦਨ ਦੀ ਪਤਨੀ ਸ੍ਰੀਮਤੀ ਮੈਨਾ ਦੇਵੀ ਅਤੇ ਉਸਦੇ ਭਰਾ ਰਾਮ ਚੰਦਰ ਨੂੰ ਥਾਨੇ ਵਿਚ ਰੋਕ ਲਿਆ ਅਤੇ ਬਾਕੀ ਪਰਿਵਾਰ ਨੂੰ ਇਹ ਧਮਕੀ ਦੇ ਕੇ ਤੋਰ ਦਿਤਾ ਗਿਆ ਕਿ ਜੇਕਰ ਕਿਸੇ ਨੂੰ ਕੁਝ ਦੱਸਿਆ ਤਾਂ ਮਾਰ ਦਿਤੇ ਜਾਉਗੇ। ਰਾਮ ਚੰਦਰ ਅਤੇ ਸ੍ਰੀ ਮਤੀ ਮੈਨਾ ਦੇਵੀ ਨੂੰ ਪੂਰਾ ਇਕ ਮਹੀਨਾ ਥਾਨੇ ਵਿਚ ਬੰਦ ਰੱਖਿਆ ਗਿਆ। ਅਤੇ ਇਸ ਮਹੀਨੇ 17 ਜੁਲਾਈ ਨੂੰ ਰਿਹਾ ਕੀਤਾ ਗਿਆ। ਇਸ ਗੈਰ-ਕਨੂੰਨੀ ਹਿਰਾਸਤ ਦੇ ਦੌਰਾਨ ਨੌਜਵਾਨ ਰਾਮ ਚੰਦਰ ਨੂੰ ਦਰੱਖਤ ਨਾਲ ਬੰਨ੍ਹਕੇ ਅਤੇ ਕਈ ਹੋਰ ਤਰੀਕਿਆਂ ਨਾਲ ਇੰਨਾ ਕੁੱਟਿਆ ਗਿਆ ਕਿ ਉਸ ਦਾ ਸਾਰਾ ਸਰੀਰ ਸੱਟਾਂ ਨਾਲ ਭਰ ਗਿਆ ਜਿਸ ਨਾਲ ਕਈ ਅੰਗ ਬੇਕਾਰ ਹੋ ਗਏ।

ਸ੍ਰੀ ਮਤੀ ਮੈਨਾ ਦੇਵੀ ਨਾਲ ਇਕ ਮਹੀਨੇ ਤੱਕ ਪੁਲਸ ਨੇ ਜੋ ਅਣ-ਮਨੁੱਖੀ ਜ਼ੁਲਮ ਕੀਤੇ ਉਸਦੀ ਮਿਸਾਲ ਮਿਲਨੀ ਮੁਸ਼ਕਲ ਹੈ। ਪੂਰਾ ਮਹੀਨਾ ਇਸ ਔਰਤ ਨੂੰ ਥਾਨੇ ਦੀਆਂ ਕੋਠੜੀਆਂ ਵਿਚ ਬੰਦ ਕਰਕੇ ਉਸਦੇ ਗੁਪਤ ਅੰਗਾਂ ਵਿਚ ਡੰਡੇ ਆਦਿ ਦਿਤੇ ਜਾਂਦੇ ਰਹੇ। ਉਹ ਵਿਚਾਰੀ ਇਸ ਪੁਲਸ ਦੇ ਇਸ ਵਹਿਸ਼ੀਪੁਣੇ ਤੋਂ ਇੰਨਾਂ ਭੈ-ਭੀਤ ਹੋ ਚੁੱਕੀ ਹੈ ਕਿ ਆਤਮ-ਹੱਤਿਆ ਕਰਨ ਦੇ ਨੇੜੇ ਪਹੁੰਚ ਗਈ ਹੈ। 17 ਜੁਲਾਈ 86 ਨੂੰ ਜਦੋਂ ਰਾਮ ਚੰਦਰ ਅਤੇ ਮੈਨਾ ਦੇਵੀ ਥਾਨੇ ਦੀ ਇਸ ਗੈਰ-ਕਨੂੰਨੀ ਹਿਰਾਸਤ ਵਿਚੋਂ ਛੁੱਟੇ ਤਾਂ ਉਹ ਆਪਣੇ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਲੈ ਕੇ ਪਿੰਡ ਚੋਂ ਭੱਜ ਨਿਕਲੇ ਅਤੇ ਉਹ ਵਿਚਾਰੇ ਅੱਜ ਲਖਨਾਊ ਵਿਚ ਭਟਕ ਰਹੇ ਹਨ।

ਇਹ ਹਰੀਜਨ ਪਰਿਵਾਰ ਰਾਜ ਸਰਕਾਰ ਨੂੰ ਆਪਣੇ ਉਪਰ ਹੋਏ ਪੁਲਸੀ ਜ਼ੁਲਮ ਦੀ ਕਹਾਣੀ ਸੁਨਾਉਣਾ ਚਾਹੁੰਦਾ ਹੈ ਪਰੰਤੂ ਅਜੇ ਤੱਕ ਰਾਜ ਸਰਕਾਰ ਦੇ ਕਿਸੇ ਨੁਮਾਇੰਦੇ ਨੂੰ ਨਹੀਂ ਮਿਲ ਸਕਿਆ ਹੈ। ਫਿਰ ਵੀ ਇਹ ਕਿਸੇ ਨਾ ਕਿਸੇ 'ਵੱਡੇ' ਦੇ ਦਰਵਾਜ਼ੇ ਤੇ ਰੋਜ਼ ਬੈਠੇ ਰਹਿੰਦੇ ਹਨ। ਕਿ ਸ਼ਾਇਦ ਉਹਨਾਂ ਦੇ ਦਿਲ ਦੇ ਦਰਵਾਜ਼ੇ, ਉਹਨਾਂ ਦੀ ਦੁੱਖਾਂ ਭਰੀ ਕਹਾਣੀ ਲਈ ਖੁੱਲ ਜਾਣ।

ਧੰਨਵਾਦ ਸਹਿਤ "ਸਵਤੰਤਰ ਭਾਰਤ ਚੋਂ" oo

ਪੰਜਾਬੀ ਰੂਪ : ਗੁਰਨਾਮ ਸਿੰਘ ਮੁਕਤਸਰ।

## ਪਾਠਕ ਲੇਖਕ ਫੋਰਮ

1. ਦੱਬੇ ਕੁਚਲੇ ਲੋਕਾਂ ਦੀਆਂ ਆਸਾਂ ਦਾ ਚਾਨਣ ਮੁਨਾਰਾ

### ਇਨਕਲਾਬੀ ਕੇਂਦਰ ਉਸਾਰੋ

9 ਨਵੰਬਰ ਨੂੰ ਪੰਜਾਬ ਦੇ ਕਮਿਊਨਸਟ ਇਨਕਲਾਬੀਆਂ ਦਾ ਇਤਿਹਾਸਕ ਇਕੱਠ ਏਕਤਾ ਦੇ ਯਤਨਾਂ ਲਈ ਦੇਸ਼-ਭਗਤ ਯਾਦਗਾਰ ਹਾਲ ਜਲੰਧਰ ਵਿਚ ਹੋਇਆ। ਸਮੇਂ ਦੀ ਫੋਰੀ ਲੋੜ ਬਣੀ ਏਕਤਾ ਲਈ ਸਾਰੇ ਹਾਜ਼ਰ ਗਰੁਪ ਆਪਣੇ ਨਿਗੁਣੇ ਦਾਅ ਪੇਚਕ ਸਿਆਸੀ ਮੱਤ ਭੇਦ ਦੱਬਵੇਂ ਰੂਪ ਵਿਚ ਉਭਾਰਦੇ ਹੋਏ ਆਪਣਾ ਆਪਣਾ ਪੱਖ ਪੇਸ਼ ਕਰ ਰਹੇ ਸਨ।

ਜੈਕਾਰਾ ਗਰੁਪ ਨੂੰ ਛੱਡ ਕੇ ਬਾਕੀ ਤਕਰੀਬਨ ਨਵ ਜਮਹੂਰੀ ਇਨਕਲਾਬ ਦੀ ਲਾਈਨ ਲਈ ਮੋਟੇ ਰੂਪ ਵਿਚ ਇਕ ਮੱਤ ਸਨ।

ਜੈਕਾਰੇ ਦੀ ਸਮਝ ਅਨੁਸਾਰ ਪੰਜਾਬ ਵਿਚ ਜਗੀਰਦਾਰ ਮੁਜਾਰੇ ਵਿਚਲੀ ਵਿਰੋਧਤਾਈ ਖਤਮ ਹੋਣ ਕਰਕੇ ਬਾਕੀ ਭਾਰਤ ਵਿਚ (ਬਿਹਾਰ ਆਂਧਰਾ ਨੂੰ ਛੱਡ ਕੇ) ਮੱਧਮ ਜਾਂ ਉਭਰਵੇਂ ਰੂਪ ਵਿਚ ਨਾ ਹੋਣ ਕਰਕੇ ਸੋਸ਼ਲਿਸਟ ਇਨਕਲਾਬੀ ਲਾਈਨ ਲਈ ਜ਼ੋਰ ਦੇਂਦੇ ਰਹੇ।

ਪਰ "ਭਾਰਤ ਵਰਗਾ ਦੇਸ਼ ਜਿਹੜਾ ਪੂੰਜੀਪਤੀ ਡਿਕਟੇਟਰਸ਼ਿਪ ਦੀ ਹਾਲਤ ਵਿਚ ਨਹੀਂ" ਜਮਹੂਰੀ ਇਨਕਲਾਬ ਵਿਚ ਦੀ ਲੰਘੇ ਬਿਨਾ ਸੋਸ਼ਲਿਸਟ ਸਮਾਜ ਵਿਚ ਬਦਲ ਸਕਦਾ ਹੈ ? ਵਰਗੇ ਗੰਭੀਰ ਮੁੱਦਿਆਂ ਤੇ ਭਰਵੀਂ ਡੂੰਘੀ ਵਿਚਾਰ ਦੀ ਲੋੜ ਹੈ।

ਦੂਸਰੀ ਜਿਹੜੀ ਇਨਕਲਾਬੀ ਕਮਿਊਨਿਸਟਾਂ ਵਿਚ ਵੱਡੀ ਰੜਕਦੀ ਘਾਟ ਸਾਹਮਣੇ ਆਈ ਹੈ। ਉਹ ਹੈ ਕਿ ਇਨਕਲਾਬੀਆਂ ਵਿਚ ਮਿੱਤਰ ਤੇ ਦੁਸ਼ਮਣ ਵਿਚ ਲਕੀਰ ਖਿਚਣ ਦਾ ਫੈਸਲਾ ਲੈਣ ਲਈ ਪਹਾੜ ਜਿਡੇ ਭਰੋਸੇ ਦੀ ਘਾਟ ਹੈ, ਜੋ ਹੋਰ ਡੂੰਘਾ ਮਾਰਕਸੀ ਅਧਿਅਨ ਦੀ ਮੰਗ ਕਰਦੀ ਹੈ।

ਇਸੇ ਕਾਰਨ ਕਰਕੇ ਹੀ ਮਾਰਕਸਵਾਦ ਦੇ ਭਗੌੜੇ ਗਦਾਰ ਸਰਾਫਵਾਦੀਏ ਵੀ ਬਰਾਬਰ ਦੀ ਧਿਰ ਬਣੇ ਬੈਠੇ ਸਨ। ਇਹ ਸਾਡੇ ਸਾਹਮਣੇ ਮਾਰਕਸੀ ਫਲਸਫੇ ਦੇ ਇਤਿਹਾਸ ਬਾਰੇ ਕਚਿਆਈ ਦੀ ਹੀ ਇਕ ਮਿਸਾਲ ਹੈ।

**ਨਾਹ ਵਾਲਾ ਪੱਖ :-** ਨਾਗਾ ਰੈਡੀ ਗਰੁਪ ਵਲੋਂ ਹਾਲ ਦੀਆਂ ਹਾਲਤਾਂ ਵਿਚ ਏਕਤਾ ਦਾ ਹੋਣਾ ਅਸੰਭਵ ਹੈ, ਦੇ ਰੱਟੇ ਦਾ ਨਾਹ ਪੱਖੀ ਰਵੀਆ ਲੋਕਾਂ ਵਿਚ ਹੋਰ ਨਿਰਾਸਾ ਦਾ ਕਾਰਨ ਬਣੇਗਾ ਅਤੇ ਚਲ ਰਹੇ ਲੋਕ ਪੱਖੀ ਸੰਘਰਸ਼ਾਂ ਦਾ ਭਰਵੇਂ ਜਥੇਬੰਦਕ ਰੂਪ ਲੈਣ ਵਿਚ ਰੁਕਾਵਟ ਦਾ ਇਕ ਕਾਰਨ ਬਣੇਗਾ।

9 ਨਵੰਵਰ ਦੇ ਇਕੱਠ ਵਿਚ ਏਕਤਾ ਲਈ ਵਿਸ਼ਾਲ ਅਧਾਰ ਉਭਰਿਆ ਹੈ। ਨਾਗਾ ਰੈਡੀ ਗਰੁਪ ਨੂੰ ਵੀ ਏਕਤਾ ਲਈ ਵਿਸ਼ਾਲ ਹਿਰਦੇ ਨਾਲ ਆਉਣਾ ਚਾਹੀਦਾ ਹੈ।

ਕਈ ਵਾਰੀ ਪ੍ਰਤੀਤ ਹੁੰਦਾ ਹੈ ਕਿ ਸੁਰਖਰੇਖਾ ਦੀ ਸਮਝ ਵਾਲੇ ਬਹੁਤੀ ਮਾਰਕੇ ਬਾਜੀ ਵਾਲੀ ਬੋਲੀ ਬੋਲਦੇ ਹਨ। ਸੁਰਖਰੇਖਾ 15 ਰੋਜ਼ਾਂ ਦੀਆਂ ਲਿਖਤਾਂ ਤੱਥ ਵਿਹੂਣੀਆਂ ਅਤੇ ਆਪਣਿਆਂ ਦੇ ਵਿਰੁਧ ਚਿਕੜ ਉਛਾਲੀ ਤੱਕ ਜਾਂਦੀਆਂ ਹਨ। ਇਹ ਇਕ ਪ੍ਰਭਾਵ ਹੈ। ਸੁਰਖਰੇਖਾ ਵਾਲੇ ਦੋਸਤਾਂ ਨੂੰ ਆਉਣ ਵਾਲੇ ਸਮੇਂ ਵਿਚ ਇਸ ਪ੍ਰਭਾਵ ਨੂੰ ਦੂਰ ਕਰਨ ਦਾ ਸੰਜੀਦਾ ਯਤਨ ਕਰਨਾ ਚਾਹੀਦਾ ਹੈ। ਇਹ ਸਾਰੀਆਂ ਭੜਕੇਦਾਰ ਲਿਖਤਾਂ ਦੇ ਨਾਹਰੇ ਇਨਕਲਾਬ ਵਿਰੋਧੀਆਂ ਦੇ ਹੱਕ ਵਿਚ ਹੀ ਭੁਗਤਦੇ ਹਨ।

"ਤੱਥਾਂ ਤੋਂ ਸੱਚ ਦੀ ਖੋਜ ਹੀ ਵਿਗਿਆਨਕ ਪਹੁੰਚ ਹੈ" —ਮਾਉ ਜੇ ਤੁਗ

**ਸ਼ਾਮ ਨੂੰ ਮੁੜਨ ਵਾਲੇ :-** ਪੈਗਾਮ ਵਾਲੇ ਦੋਸਤਾਂ ਤੋਂ ਐਉ ਪ੍ਰਤੀਤ ਹੁੰਦਾ ਹੈ। ਕਿ ਉਹ ਪਿਛੇ ਨੂੰ ਮੁੜਨ ਵਾਲੇ ਹਨ। ਉਨ੍ਹਾਂ ਨੂੰ ਦੁਸ਼ਮਣ ਵਲ ਧਕਣ ਨਾਲੋਂ ਆਪਣੇ ਵਲ ਖਿਚਣਾ ਚਾਹੀਦਾ ਹੈ।

"ਕਮਿਉਨਿਸਟ ਪਾਰਟੀ ਵਿਚਲਾ ਅੰਤਰ ਵਿਰੋਧ ਪੜਚੋਲ ਤੇ ਸਵੈਪੜਚੋਲ ਨਾਲ ਹੀ ਹੱਲ ਕੀਤਾ ਜਾ ਸਕਦਾ ਹੈ"

ਮਾਉ ਜੇ ਤੁੰਗ

—ਗੁਰਿੰਦਰ ਸਿੰਘ

### 2 ਇਨਕਲਾਬੀ ਕੇਂਦਰ ਪੰਜਾਬ ਦੇ ਨਾਂ

ਜਦੋਂ ਸਾਥੀ ਗੁਰਸ਼ਰਨ ਸਿੰਘ ਜੀ ਨੇ ਇਸ ਇਨਕਲਾਬੀ ਕੇਂਦਰ ਪੰਜਾਬ ਦੀ ਉਸਾਰੀ ਦਾ ਨਾਹਰਾ ਦਿੱਤਾ ਸੀ ਤਾਂ ਇਨਕਲਾਬੀਆਂ ਅੰਦਰ ਇਕ ਖੁਸ਼ੀ ਦੀ ਲਹਿਰ ਜਾਗੀ ਸੀ, ਕਿ ਸਾਥੀ ਦੇ ਇਸ ਉਪਰਾਲੇ ਨਾਲ ਇੱਕ ਐਸਾ ਬੜਾ ਮੁਹੀਈਆ ਹੋਏਗਾ ਜਿਥੇ ਸਾਰੇ ਇਨਕਲਾਬੀ ਇਕੱਠੇ ਬੈਠ ਕੇ ਉਹਨਾਂ ਤਰੁਟੀਆਂ ਅਤੇ ਗਲਤੀਆਂ ਦਾ ਪਤਾ ਲਾਉਣਗੇ ਜਿਨਾਂ ਕਾਰਨ ਲਹਿਰ ਪੰਜਾਬ ਵਿੱਚ ਚੜਿੰਦੀਆਂ ਕਲਾਂ ਵਿੱਚ ਜਾ ਡਿੱਗੀ ਹੈ, ਅਤੇ ਉਹਨਾਂ ਗ਼ਲਤੀਆਂ ਨੂੰ ਤਿਆਗਕੇ, ਅਤੇ ਸਬਕ ਸਿਖ ਕੇ ਨਵਾਂ ਠੀਕ ਰਾਹ ਅਤੇ ਨੀਤੀਆਂ ਅਪਨਾਈਆਂ ਜਾਣਗੀਆਂ ਜਿਨ੍ਹਾਂ ਨਾਲ ਲਹਿਰ ਨੂੰ ਦੋਬਾਰਾ ਉਤਾਂਹ ਉਚੇ ਸਥਰ ਤੇ ਲਿਆਂਦਾ ਜਾਵੇਗਾ। ਪਰ ਬਦਕਿਸਮਤੀ ਨਾਲ ਉਥੇ ਪਿਛਲੀਆਂ ਗਲਤੀਆਂ ਨੂੰ ਕੱਢਣ ਅਤੇ ਉਨ੍ਹਾਂ ਤੋਂ ਸਿਖਣ ਵਾਲੇ ਕੰਮ ਨੂੰ ਲੋੜੀਂਦਾ ਧਿਆਨ ਨਹੀਂ ਦਿਤਾ ਗਿਆ ਸਗੋਂ ਪਹਿਲੀਆਂ ਨੀਤੀਆਂ ਜਿਨਾਂ ਕਾਰਨ ਲਹਿਰ ਕਮਜ਼ੋਰ ਹੋਈ ਹੈ ਉਹਨਾਂ ਨੂੰ ਅਗਾਂਹ ਅਪਨਾਉਣ ਉਤੇ ਜ਼ੋਰ ਦਿਤਾ ਗਿਆ ਹੈ। ਭਾਵ ਕਿ ਪੰਜਾਬ ਮਸਲਾ ਸਿਖ

ਫਿਰਕੂ ਦਹਿਸ਼ਤਵਾਦ ਦਾ ਮਸਲਾ ਹੈ ।

ਸਾਥੀ ਜੀ ਨੇ ਲਹਿਰ ਦੀ ਖੜੋਂਦ ਬਾਰੇ ਕੁਛ ਗਲਤੀਆਂ ਅਤੇ ਕੁਛ ਹੋਰ ਗੱਲਾਂ ਸਮਤਾ ਵਿਚ ਦਸੀਆਂ ਹਨ, ਇਹ ਬੜੀਆਂ ਮਹੱਤਵ ਪੂਰਨ ਹਨ । ਅਸੀਂ ਇਹਨਾਂ ਨੂੰ ਪੰਜਾਬ ਮਸਲੇ, ਪੰਜਾਬ ਮਸਲੇ ਵਿਚ ਕਮਿਊਨਿਸਟਾਂ ਦਾ ਰੋਲ ਅਤੇ ਇਨਕਲਾਬੀ ਕੇਂਦਰ ਦੀ ਸਥਾਪਤੀ ਦੇ ਸੰਧਰਭ ਵਿਚ ਰਖਕੇ ਵਿਚਾਰਦੇ ਹਾਂ ।

ਇਹ ਹਨ : 1. ਅਸੀਂ ਕਮਿਊਨਿਸਟ ਸਦਾ ਹੀ ਦੇਸ਼ ਦੇ ਲੋਕਾਂ ਦੀ ਮੁਖ ਧਾਰਾ ਤੋਂ ਉਲਟ ਅਜੀਬ ਗਰੀਬ ਸਟੈਂਡ ਲੈਂਦੇ ਹਾਂ ਅਤੇ ਇਸ ਨੂੰ ਸਿਧਾਂਤ ਦਾ ਨਾਂ ਦੇ ਕੇ ਆਪਣੀ ਤਸੱਲੀ ਕਰ ਲੈਂਦੇ ਹਾਂ । 2. ਅਸੀਂ ਕਮਿਊ-ਨਿਸਟ ਵੀ ਉਨੇ ਹੀ ਜਨੂੰਨੀ ਹੁੰਦੇ ਹਾਂ ਜਿੰਨਾ ਕੋਈ ਹੋਰ ਧਾਰਮਿਕ ਅੰਧ ਵਿਸ਼ਵਾਸੀ ਹੁੰਦਾ ਹੈ । 3. ਜੋ ਸਾਡੀ ਲਹਿਰ ਵਧ ਨਹੀਂ ਸਕੀ ਤਾਂ ਇਸ ਦਾ ਕਾਰਨ ਇਹ ਸੀ ਕਿ ਅਸੀਂ ਦੇਸ਼ ਦੀ ਸਿਆਸਤ ਦੇ ਯਥਾਰਥ ਨੂੰ ਸਮਝ ਨਹੀਂ ਸਕੇ । 4. ਸਾਨੂੰ (ਪੰਜਾਬ ਮਸਲੇ ਵਿਚ) ਦੋ ਬੁਰ-ਜੁਆਜ਼ੀਆ ਭਾਵ ਪੰਜਾਬੀ ਸਰਮਾਏਦਾਰੀ ਤੇ ਸੈਂਟਰ ਦੀ ਸਰਮਾਏਦਾਰੀ ਆਪੋ ਵਿਚ ਦੀ ਲੜਾਈ ਵਿਚ ਉਲਝਣਾਂ ਨਹੀਂ ਚਾਹੀਦਾ । 5. ਪੰਜਾਬ ਬਾਰੇ ਅਸੀ ਸੈਂਟਰ ਸਰਕਾਰ ਦੇ ਸਟੈਂਡ ਨੂੰ ਗਲਤ ਸਮਝਦੇ ਹਾਂ । ਪਰ ਸਿਖ ਅੰਦੋਲਨ ਕਾਰੀਆਂ ਨੇ ਵੀ ਕੋਈ ਚੰਗੀ ਗਲ ਨਹੀਂ ਕੀਤੀ ।

ਅਸੀਂ ਸਮਝਦੇ ਹਾਂ ਕਿ ਸਾਥੀ ਵਲੋਂ ਦਸੀਆਂ ਗਈਆਂ ਗਲਤੀਆਂ ਅਤੇ ਗੱਲਾਂ,'(ਪੰਜਾਬੀ ਗਲ ਤੋਂ ਸਿਵਾ) ਬਿਲਕੁਲ ਠੀਕ ਹਨ ਅਤੇ ਜੇ ਇਨ੍ਹਾਂ ਤੋਂ ਸਬਕ ਸਿਖਿਆ ਜਾਵੇ ਅਤੇ ਇਹਨਾਂ ਨੂੰ ਤਿਆਗਿਆ ਜਾਵੇ ਤਾਂ ਲਹਿਰ ਦੀ ਚੜ੍ਹਤ ਬਹਾਲ ਕੀਤੀ ਜਾ ਸਕਦੀ ਹੈ । ਅਸੀਂ ਇਹਨਾਂ ਉਤੇ ਇਕੱਲੀ ਇਕੱਲੀ ਤੇ ਵਿਚਾਰ ਕਰਦੇ ਹਾਂ । 1. ਕਿ ਅਸੀਂ ਕਮਿਊਨਿਸਟ ਸਦਾ ਹੀ ਦੇਸ਼ ਦੇ ਲੋਕਾਂ ਦੀ ਮੁਖ ਧਾਰਾ ਤੋਂ ਉਲਟ ਅਜੀਬ ਗਰੀਬ ਸਟੈਂਡ ਲੈਂਦੇ ਹਾਂ ਤੇ ਇਸ ਨੂੰ ਸਿਧਾਂਤ ਦਾ ਨਾਂ ਦੇ ਕੇ ਆਪਣੀ ਤਸੱਲੀ ਕਰ ਲੈ ਦੇ ਹਾਂ । ਇੰਨਬਿੰਨ ਤਰ੍ਹਾਂ ਹੀ ਅਸਾਂ ਪੰਜਾਬ ਮਸਲੇ ਵਿਚ ਕੀਤਾ । ਅਸਾਂ ਇਥੇ ਸਿਖ ਲੋਕਾਂ ਦੀ ਮੁਖ ਧਾਰਾ ਦੇ ਉਲਟ ਸਟੈਂਡ ਲਿਆ ਭਾਵ ਅਸਾਂ ਇਹ ਸਟੈਂਡ ਲਿਆ ਕਿ ਪੰਜਾਬ ਮਸਲਾ ਸਿਖ ਫਿਰਕੂ ਦਹਿਸ਼ਤਵਾਦ ਦਾ ਮਸਲਾ ਹੈ । ਹਾਲਾਂ ਕਿ ਇਹ ਸਸਲਾ ਵਧੇਰੇ ਹੱਕਾਂ ਦਾ ਮਸਲਾ, ਦਰਿਆਵਾਂ ਤੇ ਪਾਣੀਆਂ ਦਾ ਅਤੇ ਪੰਜਾਬੋ ਬਾਹਰ ਪੰਜਾਬੀ ਬੋਲ ਦੇ ਇਲਾਕਿਆਂ ਆਦਿ ਨੂੰ ਸ਼ਾਮਲ ਕਰਨ ਦਾ ਮਸਲਾ ਸੀ । ਤੇ ਇਹਨਾਂ ਮਸਲਿਆਂ ਉਤੇ ਹੀ ਪੰਜਾਬ ਮਸਲੇ ਦਾ ਫੈਸਲਾ ਰਾਜੀਵ ਸਰਕਾਰ ਨੇ ਸਿਖ ਆਗੂ ਲੌਂਗੋਵਾਲ ਆਦ ਨਾਲ ਕੀਤਾ । ਪਰ ਅਸਾਂ ਕਮਿਊਨਿਸਟਾਂ ਨੇ ਇਸ ਨੂੰ ਫਿਰਕੂ ਸਿਖ ਦਹਿਸ਼ਤਵਾਦ ਹੀ ਆਖਿਆ । ਅਜੀਬ ਸਟੈਂਡ ਲਿਆ, ਅਤੇ ਇਸ ਨੂੰ ਸਿਧਾਂਤ ਦਾ ਨਾਂ ਦਿਤਾ ਅਤੇ ਲੋਕਾਂ ਵਿਚੋਂ ਟੁੱਟ ਗਏ ।

2 ਦੂਜੀ ਅਤੇ ਤੀਜੀ ਗਲਤੀ ਸਾਥੀ ਜੀ ਦਸੀ ਹੈ ਅਸੀਂ ਕਮਿਊਨਿਸਟ ਵੀ ਉਨੇ ਹੀ ਜਨੂੰਨੀ ਹੁੰਦੇ ਹਾਂ ਜਿਨੇ ਕਿ ਧਾਰਮਕ ਅੰਧ ਵਿਸ਼ਵਾਸ਼ੀ । ਅਤੇ ਲਹਿਰ ਇਸ ਕਰਕੇ ਨਿਘਾਰ ਵਿਚ ਗਈ ਕਿਉਂਕਿ ਅਸੀਂ ਦੇਸ਼ ਦੀ ਸਿਆਸਤ ਦੇ ਯਥਾਰਥ ਨੂੰ ਨਹੀਂ ਸਮਝ ਸਕੇ । ਇਹ ਦੋਵੇਂ ਗੱਲਾਂ ਪੰਜਾਬ ਮਸਲੇ ਦੇ ਸਬੰਧ ਵਿਚ ਬਿਲਕੁਲ ਲਾਗੂ ਹੋਈਆਂ । ਕਮਿਊਨਿਸਟ ਜਨੂੰਨ ਦੇ ਅਸਰ ਹੇਠਾਂ ਅਸਾਂ ਕਮਿਊਨਿਸਟਾਂ ਨੇ ਪੰਜਾਬ ਮਸਲੇ ਦੀ ਸਿਆਸਤ ਦੇ ਯਥਾਰਥ ਨੂੰ ਨਹੀਂ ਸਮਝ ਸਕੇ । ਜਨੂੰਨੀਆਂ ਵਾਲੇ ਬਾਰਾਂ ਡੰਡੇ ਮਾਰਦੇ ਰਹੇ ਯਥਾਰਥ ਇਹ ਸੀ ਕਿ ਸੈਂਟਰ ਦੀ ਸਰਮਾਏਦਾਰੀ ਨੇ ਆਪਣੀ ਰਾਜ ਸੱਤਾ ਦੀ ਦੁਰ ਵਰਤੋਂ ਨਾਲ ਪੰਜਾਬ ਦੀ ਕਾਰਖਾਨੇ ਦਾਰੀ ਨੂੰ ਰੋਕ ਲਾਕੇ ਇਸ ਨੂੰ ਆਪਣੇ ਕੱਚੇ ਪੱਕੇ ਮਾਲ ਦੀ ਮੰਡੀ ਬਣਾ ਕੇ ਰਖਿਆ ਹੋਇਆ ਹੈ, ਅੰਗਰੇਜ਼ਾਂ ਵਾਂਗੂ ਹੀ । ਅਤੇ ਕਚੇ ਪੱਕੇ ਮਾਲ ਰਾਹੀਂ ਪੰਜਾਬ ਦੀ ਅਰਬਾਂ ਰੁਪੈਆਂ ਦੀ ਸਾਲਾਨਾ ਲੁਟ ਕਰਦੀ ਹੈ । ਪੰਜਾਬ ਦੀ ਇਸ ਲੁਟ ਵਿਚ ਸਭ ਤੋਂ ਵਧ ਲੁਟ ਸਿਖਾਂ ਦੀ ਹੁੰਦੀ ਹੈ । ਕਿਉਂਕਿ ਸਾਰਾ ਕੱਚਾ ਮਾਲ ਸਿਖ ਪੈਦਾ ਕਰਦੇ ਹਨ, ਅਤੇ ਪੱਕੇ ਮਾਲ ਵਿਚੋਂ ਵੀ ਸਭ ਤੋਂ ਵੱਡੀ ਲੁਟ ਸਿਖਾਂ ਦੀ ਹੀ ਹੁੰਦੀ ਹੈ, ਕਿਉਂਕਿ ਇਹ ਸਭ ਤੋਂ ਵੱਡਾ ਖਪਤਕਾਰ ਹੈ । (ਪੰਜਾਬੀ ਹਿੰਦੂ ਦੀ ਬਿਲਕੁਲ ਲੁਟ ਨਹੀਂ ਹੁੰਦੀ ਕਿਉਂਕਿ 85% ਲੋਕ ਹਿੰਦੂ ਦੁਕਾਨਦਾਰੀ ਕਰਦਾ ਹੈ ਅਤੇ ਆਪਣੀ ਰਾਸ ਮੁਤਾਬਕ ਹਰ ਪੰਜਾਬੀ ਹਿੰਦੂ ਲੁਟਦਾ ਹੈ) ਸੈਂਟਰ ਦੀ ਸਰਮਾਏਦਾਰੀ ਵਲੋਂ ਸਿਖਾਂ ਦੀ ਇਸ ਭੀਸ਼ਮ ਲੁਟ ਨੂੰ ਖਤਮ ਕਰਨ ਵਾਸਤੇ ਸਿਖ ਵਧੇਰੇ ਹੱਕਾਂ ਦਾ ਸੰਘਰਸ਼ ਲੜਦੇ ਹਨ । ਇਹ ਹੈ ਪੰਜਾਬ ਮਸਲੇ ਦੀ ਸਿਆਅਤ ਦਾ ਯਥਾਰਥ । ਪਰ ਅਸੀਂ ਕਮਿਊਨਿਸਟ ਜਨੂੰਨ ਦੇ ਰੋਹੜ ਵਿਚ ਇਸ ਯਥਾਰਥ ਨੂੰ ਸਮਝ ਹੀ ਨਾ ਸਕੇ ਅਤੇ ਇਸ ਨੂੰ ਸਿਖ ਫਿਰਕੂ ਦਹਿਸ਼ਤਵਾਦ ਸਿਧਾਂਤ ਦਾ ਨਾਂ ਦਿਤਾ । ਅਤੇ ਲੋਕਾਂ ਨਾਲੋਂ ਬੁਰੀ ਤਰ੍ਹਾਂ ਟੁਟ ਗਏ ।

3. ਅੱਗੇ ਸਾਥੀ ਜੀ ਆਖਦਾ ਹੈ ਕਿ ਪੰਜਾਬ ਦਾ ਮਸਲਾ ਦੋਂਹ ਬੁਰਜੁਆਜ਼ੀਆ ਭਾਵ ਪੰਜਾਬੀ ਸਰਮਾਏ-ਦਾਰੀ ਅਤੇ ਸੈਂਟਰ ਦੀ ਸਰਮਾਏਦਾਰੀ ਵਿਚਕਾਰ ਲੜਾਈ ਦਾ ਮਸਲਾ ਹੈ । ਸਾਥੀ ਦੀ ਇਹ ਧਾਰਨਾ ਬਿਲਕੁਲ ਠੀਕ ਹੈ । ਇਹ ਪੰਜਾਬ ਮਸਲਾ ਸੈਂਟਰ ਅਤੇ ਪੰਜਾਬੀ ਸਰਮਾਏਦਾਰੀ ਦਾ ਆਪੋ ਵਿਚ ਦੀ ਲੜਾਈ ਦਾ ਹੀ ਮਸਲਾ ਹੈ । ਸੈਂਟਰ ਦੀ ਸਰਮਾਏਦਾਰੀ ਪੰਜਾਬ ਵਿਚ

ਕਾਰਖਾਨੇਦਾਰੀ ਨੂੰ ਡੱਕਾ ਲਾ ਕੇ ਇਸ ਨੂੰ ਆਪਣੀ ਮੰਡੀ ਬਣਾ ਕੇ ਰਖਣਾ ਚਾਹੁੰਦੀ ਹੈ, ਜਦੋਂ ਕਿ ਪੰਜਾਬੀ ਸਰਮਾਏ ਦਾਰੀ ਆਪਣੇ ਸਰਮਾਏ ਦਾ ਵਿਕਾਸ ਕਰਨਾ ਚਾਹੁੰਦੀ ਹੈ। ਪੰਜਾਬ ਮਸਲਾ ਇਹੋ ਹੀ ਹੈ। ਪਰ ਕਮਿਊਨਿਸਟ ਜਦੋਂ ਅਮਲ ਵਿਚ ਪੰਜਾਬ ਬਾਰੇ ਨੀਤੀ ਘੜਨ ਉਤੇ ਆਉਂਦੇ ਹਨ ਤਾਂ ਪੰਜਾਬ ਮਸਲੇ ਨੂੰ ਸਿਖ ਫਿਰਕੂ ਦਹਿਸ਼ਤਵਾਦ ਦਾ ਮਸਲਾ ਬਣਾ ਦੇਂਦੇ ਹਨ ਤੇ ਅਸਲ ਮਸਲੇ ਤੋਂ ਖਿਸਕ ਜਾਂਦੇ ਹਨ। ਇਨਕਲਾਬੀ ਕੇਂਦਰ ਪੰਜਾਬ ਨੇ ਵੀ ਦੋਂਹ ਬੁਰਜੁਆਜੀਆ ਦੀ ਲੜਾਈ ਵਾਲੇ ਬੁਨਿਆਦੀ ਮਸਲੇ ਨੂੰ ਛੱਡਕੇ ਮੁਖ ਜ਼ੋਰ ਇਸ ਗਲ ਉਤੇ ਦਿਤਾ ਹੈ ਕਿ ਇਹ ਸਿਖ ਫਿਰਕੂ ਦਹਿਸ਼ਤ ਵਾਦ ਦਾ ਮਸਲਾ ਹੈ।

4. ਅੱਗੇ ਸਾਥੀ ਜੀ ਆਖਦਾ ਹੈ ਕਿ ਅਸੀਂ ਪੰਜਾਬ ਬਾਰੇ ਸੈਂਟਰ ਸਰਕਾਰ ਦਾ ਸਟੈਂਡ ਗਲਤ ਸਮਝਦੇ ਹਾਂ ਪਰ ਸਿਖ ਅੰਦੋਲਨ ਕਾਰੀਆਂ ਨੇ ਵੀ ਕੋਈ ਚੰਗੀ ਗੱਲ ਨਹੀਂ ਕੀਤੀ।

ਇਹ ਗੱਲ ਗਲਤ ਢੰਗ ਨਾਲ ਪੇਸ਼ ਕੀਤੀ ਗਈ ਹੈ। ਮਿਲਗੋਭਾ ਕਰ ਦਿਤਾ ਗਿਆ ਹੈ, ਦੋ ਗੱਲਾਂ ਦਾ। ਨਿਖੇੜ ਹੋਣਾ ਚਾਹੀਦਾ ਹੈ। ਇਨਾਂ ਦੋਹਾਂ ਗੱਲਾਂ ਵਿਚੋਂ ਇਕ ਇਹ ਹੈ ਕਿ ਸੈਂਟਰ ਸਰਕਾਰ ਦਾ ਸਟੈਂਡ ਗਲਤ ਹੈ, ਅਤੇ ਦੂਜੀ ਗਲ ਹੈ ਸਿਖ ਅੰਦੋਲਨ। ਪਹਿਲੀ ਗੱਲ ਬੁਨਿਆਦੀ ਹੈ, ਜਿਸ ਦਾ ਦੂਜੀ ਗਲ ਨੂੰ ਮਰੋੜ ਤਰੋੜ ਕੇ ਉਸ ਨਾਲ ਮਿਲਗੋਭਾ ਕਰਕੇ ਉਸ ਦਾ ਰੂਪ ਤੇ ਮਹੱਤਤਾ ਗਵਾ ਦਿਤੀ ਗਈ ਹੈ। ਬੁਨਿਆਦੀ ਗਲ ਇਹ ਹੈ ਕਿ ਸੈਂਟਰ ਸਰਕਾਰ ਦਾ ਪੰਜਾਬ ਪ੍ਰਤੀ ਸਟੈਂਡ ਗਲਤ ਹੈ। ਸਵਾਲ ਨਿਕਲਦਾ ਹੈ ਕਿ ਜੇ ਸੈਂਟਰ ਸਰਕਾਰ ਦਾ ਸਟੈਂਡ ਗਲਤ ਹੈ ਤਾਂ ਕਿ ਉਸ ਗਲਤੀ ਨੂੰ ਠੀਕ ਕਰਨ ਵਾਸਤੇ ਅੰਦੋਲਨ ਕਰਨਾ ਚਾਹੀਦਾ ਹੈ ਕਿ ਨਹੀਂ? ਜੇ ਚਾਹੀਦਾ ਹੈ ਤਾਂ ਸਿੱਖਾਂ ਵਲੋਂ ਉਸ ਗਲਤ ਸਟੈਂਡ ਨੂੰ ਠੀਕ ਕਰਨ ਲਈ ਕੀਤਾ ਜਾ ਰਿਹਾ ਅੰਦੋਲਨ ਜਾਇਜ਼ ਠਹਿਰਾਉਣਾ ਚਾਹੀਦਾ ਹੈ। ਇਹ ਵਖਰੀ ਗਲ ਹੈ ਕਿ ਉਸ ਅੰਦੋਲਨ ਦੀ ਸ਼ਕਲ ਕੀ ਹੋਣੀ ਚਾਹੀਦੀ ਹੈ (Form of struggle) ਸਾਨੂੰ ਕਮਿਊਨਿਸਟਾਂ ਨੂੰ ਇਸ ਬੁਨਿਆਦੀ ਗੱਲ ਭਾਵ ਕਿ ਪੰਜਾਬ ਪ੍ਰਤੀ ਸੈਂਟਰ ਸਰਕਾਰ ਦਾ ਸਟੈਂਡ ਗਲਤ ਹੈ, ਇਸ ਦਾ ਸਪਸ਼ਟ ਜਵਾਬ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਮਿਲਗੋਭਾ ਨਹੀਂ ਕਰਨਾ ਚਾਹੀਦਾ। ਇਸ ਤਰਾਂ ਅਸੀਂ ਬੁਨਿਆਦੀ ਗਲ ਦਾ ਜਵਾਬ ਦੇਣੋਂ ਕਤਰਾਉਂਦੇ ਹਾਂ ਅਤੇ ਚੋਰੀ ਕਰਦੇ ਹਾਂ। ਇਹ ਇਕ ਚਾਤਰ ਮੌਕਾ ਪ੍ਰਸਤੀ ਜੋ ਨਿਬੜਦੀ ਹੈ।

ਅਖੀਰ ਵਿਚ ਅਸੀਂ ਇਹ ਸੁਝਾ ਦੇਂਦੇ ਹਾਂ ਕਿ ਜੇ ਇਸ ਇਨਕਲਾਬੀ ਕੇਂਦਰ ਨੇ ਕਾਮਯਾਬੀ ਹਾਸਲ ਕਰਨੀ ਹੈ ਅਤੇ ਲਹਿਰ ਦੀ ਚੜ੍ਹਤ ਬਹਾਲ ਕਰਨੀ ਹੈ ਤਾਂ ਉਸ ਦਾ ਇਕੋ ਇਕ ਰਾਹ ਹੈ ਕਿ ਇਹ ਕੇਂਦਰ ਆਪਣੇ ਥੜੇ ਤੋਂ ਪੰਜਾਬ ਵਾਸਤੇ ਆਤਮ ਨਿਰਨੇ ਦੇ ਹੱਕ ਲੈਣ ਵਾਸਤੇ ਅੰਦੋਲਨ ਸ਼ੁਰੂ ਕਰਨ ਨਿੱਤਰਕੇ ਗੱਭਲਕੇ ਨਾਲ ਨਹੀਂ। ਜਦੋਂ ਕੇਂਦਰ ਵਾਲੇ ਸਾਥੀ ਇਹ ਗਲ ਆਖਦੇ ਹਨ ਕਿ ਅਸੀਂ ਪੰਜਾਬ ਲਈ ਆਤਮ ਨਿਰਨੇ ਦੇ ਹੱਕਾਂ ਦਾ ਅੰਦੋਲਨ ਦੂਜੇ ਸੂਬਿਆਂ ਨਾਲ ਤਾਲ ਮੇਲ ਨਾਲ ਚਲਾਵਾਂਗੇ ਇਸ ਨਾਲ ਕਿਸੇ ਨੂੰ ਕੋਈ ਇਤਰਾਜ਼ ਨਹੀਂ, ਇਸ ਵਿਚ ਖਤਰਾ ਸਿਰਫ ਏਨਾਂ ਹੈ ਕਿ ਇਸ ਗਲ ਨੂੰ ਪੰਜਾਬ ਦੇ ਆਤਮ ਨਿਰਨੇ ਦੇ ਘੋਲ ਨੂੰ ਜੋ ਕਿ ਇਕ ਖਾਸ ਉਚ ਅਸਥਰ ਤੇ ਪਹੁੰਚਿਆ ਹੋਇਆ ਹੈ, ਨੂੰ ਠਪ ਕਰਨ ਵਾਸਤੇ ਬਹਾਨਾ ਨਾ ਬਣਾਇਆ ਜਾਵੇ। ਲੈਨਿਨਵਾਦੀ ਮਾਰਕਸ-ਵਾਦੀ ਰਾਹ ਇਹ ਹੈ ਕਿ ਪੰਜਾਬ ਦੇ ਘੋਲ ਨੂੰ ਆਪਣੇ ਥੜੇ ਤੋਂ ਅੱਜ ਵਾਲੇ ਉਚੇ ਪੱਧਰ ਤੋਂ ਹੀ ਅਗਾਂਹ ਤੋਰਿਆ ਜਾਵੇ, ਅਤੇ ਦੂਸਰਿਆਂ ਸੂਬਿਆਂ ਵਿਚ ਆਤਮ ਨਿਰਨੇ ਦੀਆਂ ਲਹਿਰਾਂ ਨਾਲ ਤਾਲ ਮੇਲ ਕੀਤਾ ਜਾਵੇ, ਮਦਦ ਦਿਤੀ ਜਾਵੇ ਲਈ ਜਾਵੇ ਪਰ ਕਿਸੇ ਸੂਰਤ ਵਿਚ ਵੀ ਪੰਜਾਬ ਦੇ ਆਤਮ ਨਿਰਨੇ ਦੇ ਘੋਲ ਵਿਚ, ਜਿਥੇ ਲੋਕ ਮਾਨਸਕ ਤੌਰ ਤੇ ਬਹੁਤ ਤਿਆਰ ਹੋ ਚੁੱਕੇ ਹਨ, ਦੂਜਿਆਂ ਸੂਬਿਆਂ ਦੇ ਬਹਾਨੇ ਢਿਲ ਨਾ ਪੈਣ ਦਿਤੀ ਜਾਵੇ। ਇਸ ਤਰੀਕੇ ਨਾਲ ਲਹਿਰ ਵਿਚ ਚੜ੍ਹਤ ਲਿਆ ਸਕਦੇ ਹਾਂ, ਅਤੇ ਜੇ ਉਹੋ ਸਿਖ ਫਿਰਕੂ ਦਹਸ਼ਤਵਾਦ ਪੁਰਾਣੀਆਂ ਅਤੇ ਗਲਤ ਰੱਟ ਲਗਾਈ ਗਏ ਤਾਂ ਲਹਿਰ ਹੋਰ ਵੀ ਨਿਘਾਰ ਵਿਚ ਜਾਵੇਗੀ। ਵਕਤ ਦਸ ਦੇਵੇਗਾ।

ਪਾਲ ਸਿੰਘ ਐਡੀਟਰ ਪੰਜਾਬੀ ਕੌਮ

3. ਸਤਿਕਾਰਤ ਭਾਜੀ, ਲਾਲ ਸਲਾਮ।

ਤੁਹਾਡੇ ਸੱਦੇ ਤੇ 9 ਨਵੰਬਰ ਜਲੰਧਰ ਵਿਖੇ ਇਨਕਲਾਬੀ ਏਕਤਾ ਕੇਂਦਰ ਦੀ ਪਹਿਲੀ ਬੈਠਕ ਨੂੰ ਆਸ ਤੋਂ ਵੱਧ ਹੁੰਗਾਰਾ ਮਿਲਿਆ ਹੈ। ਕੁਝ ਗਰੁੱਪ ਸਰਦਾਰਾਂ ਦੇ ਇਨਕਲਾਬੀ ਏਕਤਾ ਤੋਂ ਵੱਖਰੇ ਰਵੱਈਏ ਕਾਰਨ ਏਕਤਾ ਪ੍ਰਤੀ ਸ਼ੰਕੇ ਵਧੇ ਸਨ। ਪਰ ਜਲੰਧਰ ਦੀ ਮੀਟਿੰਗ ਪਿਛੋਂ ਲਗਦਾ ਹੈ ਕਿ ਇਨਕਲਾਬੀ ਏਕਤਾ ਉਸਾਰਨ ਦਾ ਦਿਤਾ ਤੁਹਾਡੇ ਵਲੋਂ ਸੱਦਾ ਇਨਕਲਾਬੀ ਲੈਹਰ ਵਿਚ ਇਕ ਮੀਲ ਪੱਥਰ ਸਾਬਤ ਹੋਵੇਗਾ। ਇਨਕ-ਲਹਿਰ ਵਿਚ ਆਈ ਖੜੋਤ ਨੂੰ ਇਹ ਸੱਦਾ ਤੋੜਨ ਲਈ ਪ੍ਰਭਾਵੀ ਸਿੱਧ ਹੋਵੇਗਾ। ਹੁਣ ਇੱਕ ਪਲੇਟਫਾਰਮ ਤੋਂ ਆਪਸੀ ਮਤਭੇਦਾਂ ਨੂੰ ਹੱਲ ਕੀਤਾ ਜਾਵੇਗਾ ਕੋਈ ਵੀ ਗਰੁੱਪ ਇਕ ਦੂਜੇ ਪ੍ਰਤੀ ਜ਼ਹਿਰੀਲੀ ਤੇ ਮੰਨਘੜਤ ਕਾਰਵਾਈ ਨਹੀਂ ਕਰ ਸਕੇਗਾ। ਅਜੋਕੇ ਸਮੇਂ ਜਦੋਂ ਫਿਜ਼ਾ 'ਚ ਇਨਕਲਾਬੀ ਏਕਤਾ ਦੀ ਸੁਗੰਧ ਹੈ ਅਜੇਹੇ ਸਮੇਂ ਸਰਲ ਤੇ ਥੋੜੀ ਕੋਸ਼ਿਸ਼ ਕੀਤਿਆਂ ਹੱਲ ਹੋਣ ਵਾਲੇ

Regd. with Registrar, News Paper vide No. MA/12397-D dated 18.4.80
Post Office No. P/AR—133

ਸਵਾਲਾਂ ਨੂੰ ਹੱਥ ਪਾਇਆ ਜਾਵੇ ਵਧੇਰੇ ਗੁਣਕਾਰੀ ਹੋਵੇਗਾ ਮੈਂ ਕੁਝ ਕੁ ਨੁਕਤੇ ਬਹਿਸ਼ ਅਧੀਨ ਭੇਜ ਰਿਹਾ ਹਾਂ।

ਭਾਰਤ ਦੇ ਕਿਰਤੀ ਲੋਕਾਂ ਦੀ ਬਦਕਿਸਮਤੀ ਹੈ ਕਿ ਇਨਕਲਾਬੀ ਕਮਿਊਨਿਸਟ ਫੁਟ-ਦਰ-ਫੁਟ ਦਾ ਸ਼ਿਕਾਰ ਹੁੰਦੇ ਆਏ ਹਨ। ਜੇ ਕਰ ਇਸ ਫੁੱਟ ਦੇ ਕਾਰਨਾਂ ਦੀ ਚੀਰ ਫਾੜ ਕੀਤੀ ਜਾਵੇ ਤਾਂ ਸਹਿਜੇ ਹੀ ਇਹ ਗੱਲ ਨਿਖਰ ਕੇ ਸਾਹਮਣੇ ਆਵੇਗੀ ਕਿ ਇਸ ਫੁੱਟ ਦਾ ਕੋਈ ਬੁਨਿਆਦੀ ਕਾਰਨ ਨਹੀਂ ਹੈ। ਮਾਰਕਸਵਾਦ ਨੂੰ ਮੁਢਲੇ ਦੌਰ ਵਿਚ ਪੜ੍ਹਨ ਵਾਲਾ ਸਿਖਿਆਰਥੀ ਵੀ ਇਸ ਗਲ ਤੋਂ ਸਪਸ਼ਟ ਜਾਣੂ ਹੋ ਜਾਂਦਾ ਹੈ ਕਿ ਬੁਰਜੂਆ ਪਾਰਲੀ-ਮਾਨੀ ਚੋਣਾਂ ਵਿਚ ਹਿੱਸਾ ਲੈਣ ਜਾਂ ਨਾ ਲੈਣ ਦਾ ਸਵਾਲ ਇਕ ਦਾਅ ਪੇਚ ਦਾ ਸਵਾਲ ਹੈ। ਇਸ ਦੇ ਨਾਲ ਦਾ ਮਿਲਦਾ ਜੁਲਦਾ ਜੰਗ ਜਾਂ ਫਾਸ਼ਇਜ਼ਮ ਖਿਲਾਫ ਬੁਰਜੁਆਜ਼ੀ ਨਾਲ ਸਾਂਝਾ ਮੋਰਚਾ ਬਨਾਣ ਦਾ ਜਾਂ ਨਾਂ ਬਨਾਣ ਦਾ ਤੇ ਬੁਰਜੂਆ ਟਰੇਡ ਯੂਨੀਅਨ ਵਿਚ ਹਿੱਸਾ ਲੈਣਾ ਹੈ ਜਾਂ ਆਪਣੀ ਇਨਕਲਾਬੀ ਟਰੇਡ ਯੂਨੀਅਨ ਵੱਖਰੀ ਖੜੀ ਕਰਨੀ ਹੈ ਆਦਿ ਇਹ ਸਭ ਮਾਰਕਸਵਾਦ ਲੈਨਿਨਵਾਦ ਅਨੁਸਾਰ ਦਾਅ ਪੇਚ ਦਾ ਸਵਾਲ ਹੈ। ਪਰ ਇਹ ਗਲ ਕਿੰਨੀ ਦੁੱਖ ਵਾਲੀ ਹੈ ਕਿ ਏਨਾਂ "ਸਵਾਲਾ" ਤੇ ਫੁੱਟ ਪਾਈ ਜਾਂਦੀ ਹੈ ਤੇ ਫੇਰ ਆਪਣੀ ਵਖਰੀ ਦਿਖ ਦਿਖਾਣ ਲਈ ਬੁਨਿਆਦੀ ਲਾਇਨ ਘੜ ਲਈ ਜਾਂਦੀ ਹੈ। ਇਹ ਠੀਕ ਹੈ ਅੱਜ ਦੀ ਸ਼ਕਤੀਹੀਣ ਇਨਕਲਾਬੀ ਜਥੇਬੰਦਕ ਹਾਲਤ ਵਿਚ ਬੁਰਜੁਆਜ਼ੀ ਨਾਲ ਸਾਂਝਾ ਮੋਰਚਾ ਜਾਂ ਪਾਰਲੀਮਾਨੀ ਚੋਣਾਂ ਵਿਚ ਹਿਸਾ ਲੈਣਾ ਲਾਹੇਵੰਦ ਨਹੀਂ ਹੈ। ਪਰ ਇਹ ਵੀ ਜਾਇਜ਼ ਨਹੀਂ ਹੈ ਕਿ ਇਨਕ-ਲਾਬੀ ਸਫਾ ਵਿਚ ਦਾਅ ਪੇਚਾਂ ਦੇ ਸੁਆਲ ਤੇ ਫੁੱਟ ਪਾ ਦਿਤੀ ਜਾਵੇ।

ਕੁੱਝ ਗਰੁੱਪ ਆਪਣੇ ਆਪ ਨੂੰ ਖਾਲਸ ਨਕਸਲੀ ਸਿੱਧ ਕਰਨ ਲਈ 1969 ਦਾ ਮਤਾ ਆਪਣੇ ਗਲ ਲਟਕਾਈ ਫਿਰਦੇ ਹਨ। ਉਹ ਇਸ ਦਾ ਇੱਕ ਅੱਖਰ ਵੀ ਬਦਲਕੇ ਆਸ਼ਰਧਾਵਾਨ ਨਹੀਂ ਹੋਣਾ ਚਾਹੁੰਦੇ। ਪਰ ਸੱਚ ਇਸ ਤੋਂ ਉਲਟ ਹੈ ਭਾਰਤੀ ਸਮਾਜ ਹੁਣ ਜਮਹੂਰੀ ਇਨਕਲਾਬ ਜਾਂ ਬੁਰਜੂਆ ਇਨਕਲਾਬ ਦੀ ਮੰਗ ਨਹੀਂ ਕਰਦਾ ਸਗੋਂ ਸਮਾਜਵਾਦੀ ਇਨਕਲਾਬ ਦੀ ਜ਼ਰੂਰਤ ਲੋੜਦਾ ਹੈ। ਹੁਣ ਗੱਲ ਸਟੇਟ ਦੇ ਬੁਰਜੂਆ ਕਰੈਕਟਰ ਦੀ ਹੋਣੀ ਚਾਹੀਦੀ ਹੈ ਨਾਂ ਕਿ ਗਿਣਾਤਮਕ ਪਖੋਂ ਕਿਸਾਨੀ ਦੀ ਜੱਟਕਾ ਗੱਲ। ਸਮਾਂ ਤਾਂ ਇਹ ਵੀ ਮੰਗ ਕਰਦਾ ਹੈ ਕਿ ਨਕਸਲੀ ਲਹਿਰ ਨੂੰ ਹੁਣ ਇਕ ਕਿਸਾਨੀ ਰੋਹ ਤੇ ਘੋਲ ਦੇ ਪੜਾ ਵਜੋਂ ਸਵਿਕਾਰਿਆ ਜਾਵੇ। ਇਸ ਲਹਿਰ ਦੇ ਉਤਰਾ-ਚੜਾ, ਜਿੱਤਾਂ-ਹਾਰਾਂ ਤੋਂ ਕੀਮਤੀ ਸਬਕ ਸਿਖਿਆ ਜਾਵੇ ਇਸਨੂੰ ਵੀ ਤਲੰਗਾਨਾਂ ਘੋਲ ਵਾਂਗ ਇਕ ਇਨਕਲਾਬੀ ਇਤਿਹਾਸਕ ਕਾਂਡ ਦੀ ਤਰ੍ਹਾਂ ਦਰਜ਼ ਕਰ ਲਿਆ ਜਾਵੇ।

ਇਨਕਲਾਬੀ ਲਹਿਰ ਦੇ ਕੁਝ ਇਕ ਹਿਸੇ ਨੇ ਅਜੇ ਇਹ ਵੀ ਤੈਹ ਕਰਨਾ ਹੈ ਕਿ ਮੌਜੂਦਾ ਸਮੇਂ ਅੰਡਰ-ਗਰਾਊਂਡ ਰਹਿਣਾ ਹੈ ਜਾਂ ਕਿ ਖੁਲ੍ਹਾ ਜਥੇਬੰਦਕ ਕੰਮ ਕਰਨਾ ਹੈ। ਵੈਸੇ ਭਾਰਤ ਵਿਚ ਬੁਰਜੂਆ ਪਾਰਲੀਮਾਨੀ ਜਮਹੂਰੀਅਤ ਹੈ। ਅਜਿਹੇ ਵੇਲੇ ਖੁਲ੍ਹੇ ਜਥੇਬੰਦਕ ਢਾਂਚੇ ਵਿਚ ਕੰਮ ਕਰਨਾਂ ਵਧੇਰੇ ਲਾਹੇਵੰਦ ਹੈ ਤੇ ਅੰਡਰਗਰਾਊਂਡ ਤਾਣੇ ਬਾਣੇ ਦੀ ਤੁੱਕ ਨਿਰਾ ਸਮੇਂ ਦਾ ਕਤਲ ਕਰਨ ਦੇ ਤੁਲ ਹੈ। ਇਏ ਹੀ ਬੱਸ ਨਹੀਂ ਕਈ ਗਰੁਪ ਸਰਦਾਰ ਆਪਣੀਆਂ ਜਨਤਕ ਜਥੇਬੰਦੀਆਂ ਤੋਂ ਨਿਰੋਲ ਰਾਜਨੀਤਕ ਕੰਮ ਲੈਂਦਿਆਂ ਹੋਇਆਂ ਆਪਣੇ ਕੰਮ ਨੂੰ ਨਿੱਤ ਨਵੇਂ ਦਿਨ ਸੌੜਾ ਕਰੀ ਜਾ ਰਹੇ ਹਨ। ਆਪ ਕੰਨਨੈਕਟਾਂ ਵਿਚ ਵਿਚਰ ਕੇ ਕੋਹਲੂ ਤੇ ਬੈਲ ਬਣੇ ਫਿਰਦੇ ਹਨ। ਗੱਲ ਕੀ ਏਨ੍ਹਾਂ ਗਰੁੱਪਾਂ ਦਾ ਅਸਲ ਮਾਰਕਸਵਾਦ-ਲੈਨਿਨਵਾਦ ਮਾਓ ਵਿਚਾਰਧਾਰਾ ਤੋਂ ਵਖਰੀ ਕਿਸਮ ਦਾ ਹੈ।

ਇਹੋ ਜਿਹੇ ਮੌਕੇ ਤੁਹਾਡੇ ਵਲੋਂ ਦਿਤਾ ਸੱਦਾ 'ਦੁਨੀਆਂ ਭਰ ਦੇ ਕਮਿਊਨਿਸਟੋ ਇਕ ਹੋ ਜਾਓ"ਦਰੁਸਤ ਹੈ। ਤੁਹਾਡੀਆਂ ਕੋਸ਼ਿਸ਼ਾਂ ਪਵਿਤਰ ਹਨ ਇਸ ਨੂੰ ਪੰਜਾਬ ਦੇ ਬਹੁਗਿਣਤੀ ਇਨਕਲਾਬੀਆਂ ਨੇ ਸਲਾਹਿਆ ਹੈ। 9 ਨਵੰਬਰ ਦਾ ਸੁਨੇਹਾ ਹੋਰ ਵਿਸ਼ਾਲ ਹੋਵੇਗਾ। ਤੁਹਾਡੀਆਂ ਲਗਾਤਾਰ ਕੋਸ਼ਿਸ਼ਾਂ ਸਦਕਾ 9 ਨਵੰਬਰ ਨੂੰ ਗੈਰ ਹਾਜ਼ਰ ਰਹੇ ਦੋਸਤਾਂ ਨੂੰ ਵੀ ਮੁੜ ਸੋਚਣਾ ਚਾਹੀਦਾ ਹੈ ਤੇ ਇਨਕ-ਲਾਬੀ ਕੇਂਦਰ ਵਿਚ ਸ਼ਾਮਲ ਹੋਣਾ ਚਾਹੀਦਾ ਹੈ।

ਭਰਪੂਰ ਇਨਕਲਾਬੀ ਸ਼ੁਭ ਇਛਾਵਾਂ ਸਹਿਤ

ਇਕਬਾਲ ਗੱਜਣ

---

**ਈਪਾਨਾ ਕੈਨਡਾ** ਵਲੋਂ ਕਮਿਊਨਿਸਟ ਇਨਕਲਾਬੀਆਂ ਦੀ ਏਕਤਾ **ਲਈ ਸ਼ੁਭ ਇਛਾਵਾਂ :**

ਅਸੀਂ ਦੂਰ ਬੈਠੇ ਸਾਥੀ ਭਾਰਤ ਵਿਚ ਕਮਿਊਨਿਸਟ ਇਨਕਲਾਬੀਆਂ ਦੀ ਹਰ ਸਰਗਰਮੀ ਵਿਚ ਡੂੰਘੀ ਦਿਲਚਸਪੀ ਮੰਗਦੇ ਹਾਂ। ਇਨਕਲਾਬੀਆਂ ਦਾ ਇਕ ਥੜੇ ਤੇ ਇਕੱਠੇ ਹੋਣ ਦਾ ਯਤਨ ਇਕ ਸ਼ਲਾਘਾਯੋਗ ਕਦਮ ਹੈ। ਸਾਡੀਆਂ ਸ਼ੁਭ ਇਛਾਵਾਂ ਤੁਹਾਡੇ ਨਾਲ ਹਨ।

**ਚਿਨ ਬੈਨਰਜੀ**
ਪ੍ਰਧਾਨ ਇਪਾਨਾ